# ਗਣਿਤ ਦੀ ਦੁਨੀਆ

(ਪਹਿਲੀ ਸ਼੍ਰੇਣੀ ਲਈ)

ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਪਹਿਲਾ ਐਡੀਸ਼ਨ : 2018 ........1,98,093........ ਕਾਪੀਆਂ

ਰੀਵਾਈਜ਼ਡ ਐਡੀਸ਼ਨ : 2019 ........1,70,000........ ਕਾਪੀਆਂ

All rights, including those of translation, reproduction
and annotation etc., are reserved by the
Punjab Government

ਸੰਯੋਜਕ : ਪ੍ਰਿਤਪਾਲ ਸਿੰਘ ਕਥੂਰੀਆ
ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ

ਚਿੱਤਰਕਾਰ : ਮਨਜੀਤ ਸਿੰਘ ਢਿੱਲੋਂ
ਚੀਫ ਆਰਟਿਸਟ, ਪੰਜਾਬ ਸਕੂਲ ਸਿੱਖਿਆ ਬੋਰਡ

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦ-ਸਾਜੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

ਮੁੱਲ : ਰੁਪਏ

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ........................................ ਦੁਆਰਾ ਛਾਪੀ ਗਈ।

# ਮੁੱਖ-ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਤੋਂ ਹੀ ਸਕੂਲ ਪੱਧਰ ਦੇ ਪਾਠਕ੍ਰਮ ਬਣਾਉਣ, ਰਾਸ਼ਟਰ ਅਤੇ ਰਾਜ ਪੱਧਰ 'ਤੇ ਬਦਲਦੀਆਂ ਵਿੱਦਿਅਕ ਲੋੜਾਂ ਅਨੁਸਾਰ ਪਾਠ ਕ੍ਰਮ ਨੂੰ ਨਵਿਆਉਣ ਅਤੇ ਉਸ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਹੱਥਲੀ ਪੁਸਤਕ ਵੱਖ-ਵੱਖ ਵਰਕਸ਼ਾਪਾਂ ਲਗਾ ਕੇ ਖੇਤਰੀ ਮਾਹਿਰਾਂ ਵੱਲੋਂ NCF-2005 ਅਤੇ PCF-2013 ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਕਿਰਿਆਵਾਂ ਅਤੇ ਚਿੱਤਰਾਂ ਦੀ ਸਹਾਇਤਾ ਨਾਲ ਇਸ ਪਾਠ-ਪੁਸਤਕ ਨੂੰ ਰੋਚਕ ਬਣਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਇਹ ਪੁਸਤਕ ਬੋਰਡ, SCERT ਦੇ ਮਾਹਿਰਾਂ ਅਤੇ ਖੇਤਰ ਦੇ ਤਜ਼ਰਬੇਕਾਰ ਅਧਿਆਪਕਾਂ/ਮਾਹਿਰਾਂ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ। ਬੋਰਡ ਇਨ੍ਹਾਂ ਸਭ ਦਾ ਧੰਨਵਾਦੀ ਹੈ।

ਲੇਖਕਾਂ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਪੁਸਤਕ ਦੀ ਰੂਪ-ਰੇਖਾ ਪਹਿਲੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਮੁਤਾਬਿਕ ਹੀ ਹੋਵੇ। ਪੁਸਤਕ ਵਿੱਚ ਦਿੱਤੀ ਵਿਸ਼ਾ-ਸਮੱਗਰੀ ਅਤੇ ਉਦਾਹਰਨਾਂ ਵਿਦਿਆਰਥੀਆਂ ਦੇ ਆਲੇ-ਦੁਆਲੇ ਦੇ ਵਾਤਾਵਰਨ ਅਤੇ ਉਸ ਨਾਲ ਸੰਬੰਧਿਤ ਪ੍ਰਸਥਿਤੀਆਂ ਮੁਤਾਬਿਕ ਹੀ ਤਿਆਰ ਕੀਤੀਆਂ ਗਈਆਂ ਹਨ। ਹਰੇਕ ਪਾਠ ਵਿੱਚ ਕਈ ਕਿਰਿਆਵਾਂ ਦਿੱਤੀਆਂ ਗਈਆਂ ਹਨ। ਸਥਾਨਕ ਸਾਧਨਾਂ ਅਤੇ ਵਿਦਿਆਰਥੀ ਦੀ ਜੀਵਨ ਸ਼ੈਲੀ ਅਨੁਸਾਰ ਇਹ ਕਿਰਿਆਵਾਂ ਬਦਲੀਆਂ ਜਾ ਸਕਦੀਆਂ ਹਨ।

ਆਸ ਹੈ ਕਿ ਗਣਿਤ ਵਿਸ਼ੇ ਦੀ ਇਹ ਪਾਠ-ਪੁਸਤਕ ਵਿਦਿਆਰਥੀਆਂ ਲਈ ਰੋਚਕ ਅਤੇ ਲਾਹੇਵੰਦ ਸਿੱਧ ਹੋਵੇਗੀ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਨੂੰ ਬੋਰਡ ਆਦਰ ਸਹਿਤ ਸਵੀਕਾਰ ਕਰੇਗਾ।

ਚੇਅਰਮੈਨ

**ਪੰਜਾਬ ਸਕੂਲ ਸਿੱਖਿਆ ਬੋਰਡ**

# ਪਾਠ-ਪੁਸਤਕ ਨਿਰਮਾਣ ਕਮੇਟੀ

## ਲੇਖਕ

- ਗੁਰਿੰਦਰ ਕੌਰ, ਪ੍ਰਾਇਮਰੀ ਅਧਿਆਪਿਕਾ, ਸਰਕਾਰੀ ਪ੍ਰਾਇਮਰੀ ਸਕੂਲ ਝਿਊਰਹੇੜੀ, ਐੱਸ.ਏ.ਐੱਸ. ਨਗਰ।
- ਮਨਿੰਦਰ ਕੌਰ, ਪ੍ਰਾਇਮਰੀ ਅਧਿਆਪਿਕਾ, ਸਰਕਾਰੀ ਐਲੀਮੈਂਟਰੀ ਸਕੂਲ ਅਕਾਲਗੜ੍ਹ, ਪਟਿਆਲਾ।
- ਜਸਪ੍ਰੀਤ ਸਿੰਘ, ਪ੍ਰਾਇਮਰੀ ਅਧਿਆਪਕ, ਸਰਕਾਰੀ ਐਲੀਮੈਂਟਰੀ ਸਕੂਲ ਅਰਾਈ ਮਾਜਰਾ, ਫਤਿਹਗੜ੍ਹ ਸਾਹਿਬ।
- ਗੁਰਨੈਬ ਸਿੰਘ, ਪ੍ਰਾਇਮਰੀ ਅਧਿਆਪਕ, ਸਰਕਾਰੀ ਐਲੀਮੈਂਟਰੀ ਸਕੂਲ ਮਘਾਣੀਆਂ, ਮਾਨਸਾ।
- ਵਿਨੈ ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਜੋਗਾ, ਮਾਨਸਾ।
- ਪਵਨਦੀਪ ਕੁਮਾਰ, ਪ੍ਰਾਇਮਰੀ ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ ਫਰੌਰ, ਫਤਿਹਗੜ੍ਹ ਸਾਹਿਬ।
- ਪੂਜਾ, ਪ੍ਰਾਇਮਰੀ ਅਧਿਆਪਿਕਾ, ਸਰਕਾਰੀ ਪ੍ਰਾਇਮਰੀ ਸਕੂਲ ਧੁਰਾਲੀ, ਐੱਸ.ਏ.ਐੱਸ. ਨਗਰ।
- ਰੂਬੀ ਖੁੱਲਰ, ਪ੍ਰਾਇਮਰੀ ਅਧਿਆਪਿਕਾ, ਸਰਕਾਰੀ ਐਲੀਮੈਂਟਰੀ ਸਕੂਲ ਲਟੌਰ, ਫਤਿਹਗੜ੍ਹ ਸਾਹਿਬ।
- ਸੁਖਜਿੰਦਰ ਕੁਮਾਰ, ਪ੍ਰਾਇਮਰੀ ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ ਦੁਲਬਾ, ਪਟਿਆਲਾ।
- ਗੁਰਪ੍ਰੀਤ ਸਿੰਘ, ਪ੍ਰਾਇਮਰੀ ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ ਲੰਗ, ਪਟਿਆਲਾ।

## ਸੋਧਕ

- ਗੁਰਵੀਰ ਕੌਰ, ਵਿਸ਼ਾ ਮਾਹਿਰ, ਐਸ.ਸੀ.ਈ.ਆਰ.ਟੀ., ਪੰਜਾਬ।
- ਰਮਕੀਤ ਕੌਰ, ਵਿਸ਼ਾ ਮਾਹਿਰ, ਐਸ.ਸੀ.ਈ.ਆਰ.ਟੀ., ਪੰਜਾਬ।
- ਨਿਰਮਲ ਕੌਰ, ਏ.ਐਸ.ਪੀ.ਡੀ., ਡੀ.ਜੀ.ਐਸ.ਈ. ਦਫਤਰ, ਪੰਜਾਬ।
- ਪਰਮਿੰਦਰ ਸਿੰਘ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੂਹੜੀ ਵਾਲਾ ਧੰਨਾ, ਫਾਜਿਲਕਾ।
- ਹਰਮਿੰਦਰ ਸਿੰਘ, ਗਣਿਤ ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਾਲੀ ਆਲਾ ਸਿੰਘ, ਫਤਿਹਗੜ੍ਹ ਸਾਹਿਬ।
- ਰਾਕੇਸ਼ ਕੁਮਾਰ 'ਦੀਪਕ', ਮੁੱਖ ਅਧਿਆਪਕ (ਸੇਵਾ ਮੁਕਤ), ਐੱਸ.ਏ.ਐੱਸ. ਨਗਰ।
- ਹਰਮੀਤ ਸਿੰਘ, ਮੁੱਖ ਅਧਿਆਪਕ (ਸੇਵਾ ਮੁਕਤ), ਐੱਸ.ਏ.ਐੱਸ. ਨਗਰ।
- ਜਤਿੰਦਰ ਕੁਮਾਰ, ਗਣਿਤ ਅਧਿਆਪਕ, ਸਰਕਾਰੀ ਹਾਈ ਸਕੂਲ ਗਿਆਨਾ ਰਾਮਾ ਮੰਡੀ, ਬਠਿੰਡਾ।
- ਅਰੁਣ ਕੁਮਾਰ ਗਰਗ, ਗਣਿਤ ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਢਲਾਡਾ, ਮਾਨਸਾ।
- ਪਾਰਸ ਕੁਮਾਰ ਖੁੱਲਰ, ਸੀ. ਐਚ. ਟੀ., ਸਰਕਾਰੀ ਐਲੀਮੈਂਟਰੀ ਸਕੂਲ ਗੱਟੀ ਰਹੀਮੇਂ ਕੇ, ਫਿਰੋਜ਼ਪੁਰ।
- ਚਰਨ ਸਿੰਘ, ਗਣਿਤ ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੂੰਬੜੀਵਾਲਾ, ਫਿਰੋਜ਼ਪੁਰ।

# ਵਿਸ਼ਾ-ਸੂਚੀ


| | | |
|---|---|---|
| 1. | ਅੰਕਾਂ ਦੀ ਖੇਡ | 1 |
| 2. | ਸੰਖਿਆਵਾਂ ਦੀ ਖੇਡ | 50 |
| 3. | 21 ਤੋਂ 99 ਤੱਕ ਦੀਆਂ ਸੰਖਿਆਵਾਂ | 83 |
| 4. | ਧਨ (ਕਰੰਸੀ) | 109 |
| 5. | ਆਕ੍ਰਿਤੀਆਂ | 119 |
| 6. | ਨਮੂਨੇ | 130 |
| 7. | ਮਾਪ | 136 |
| 8. | ਸਮਾਂ | 148 |
| 9. | ਅੰਕੜੇ | 154 |

ਆਪਣੀ
ਫੋਟੋ ਲਗਾਓ

ਨਾਂ ..........................................................

ਰੋਲ ਨੰ .......................................................

ਸਕੂਲ ਦਾ ਨਾਂ..................................................

1

# ਅੰਕਾਂ ਦੀ ਖੇਡ

## ਉਦੇਸ਼

- ਬੱਚਿਆਂ ਅੰਦਰ ਰੌਚਕ ਤਰੀਕੇ ਨਾਲ਼ ਗਣਿਤ ਦੀ ਸਮਝ ਪੈਦਾ ਕਰਨਾ।
- ਬੱਚਿਆਂ ਨੂੰ ਗਣਿਤ ਦੀ ਦੁਨੀਆਂ ਵਿੱਚ ਲੈ ਕੇ ਨਹੀਂ ਜਾਣਾ ਹੈ। ਸਗੋਂ ਗਣਿਤ ਨੂੰ ਬੱਚਿਆਂ ਦੀ ਜ਼ਿੰਦਗੀ ਵਿੱਚ ਲੈ ਕੇ ਆਉਣਾ ਹੈ।
- ਸੰਖਿਆ ਬੋਧ ਤਹਿਤ 1 ਤੋਂ 9 ਤੱਕ ਗਿਣਨ, ਬੋਲਣ, ਪੜ੍ਹਨ ਅਤੇ ਲਿਖਣ ਦੀ ਸਮਝ।
- ਅੰਕਾਂ ਦੀ ਆਪਸੀ ਤੁਲਨਾ ਕਰਨ ਦੀ ਸਮਝ।
- 1 ਤੋਂ 9 ਤੱਕ ਅੰਕਾਂ ਦੀ ਸਿੱਧੀ ਗਿਣਤੀ, ਪੁੱਠੀ ਗਿਣਤੀ ਦੇ ਸੰਕਲਪ ਅਤੇ ਸ਼ਾਬਦਿਕ ਸਵਾਲਾਂ ਦੀ ਸਮਝ।
- ਇੱਕ ਅੰਕ ਨੂੰ ਵੱਖ-ਵੱਖ ਅੰਕਾਂ ਦੇ ਜੋੜ-ਤੋੜ ਦੇ ਰੂਪ ਵਿੱਚ ਦਰਸਾਉਣਾ।

## ਕੀ ਤੁਹਾਨੂੰ ਯਾਦ ਹੈ?

- ਤੁਹਾਡੇ ਕੋਲ਼ ਕਿੰਨੇ ਬਸਤੇ ਹਨ?
- ਸੂਰਜ ਕਿੰਨੇ ਹਨ?
- ਤੁਹਾਡੇ ਕਿੰਨੇ ਸਿਰ ਹਨ?
- ਤੁਹਾਡੇ ਕਿੰਨੇ ਹੱਥ ਹਨ?
- ਤੁਹਾਡੀਆਂ ਕਿੰਨੀਆਂ ਅੱਖਾਂ ਹਨ?
- ਤੁਹਾਡੀ ਜਮਾਤ ਵਿੱਚ ਕਿੰਨੇ ਬਲਬ ਹਨ?
- ਤੁਹਾਡੀ ਜਮਾਤ ਵਿੱਚ ਕਿੰਨੇ ਪੱਖੇ ਹਨ?
- ਤੁਹਾਡੀ ਜਮਾਤ ਵਿੱਚ ਕਿੰਨੀਆਂ ਖਿੜਕੀਆਂ ਹਨ?

- ਤੁਹਾਡੇ ਸਕੂਲ ਵਿੱਚ ਕਿੰਨੇ ਕਮਰੇ ਹਨ?
- ਤੁਸੀਂ ਕਿੰਨੇ ਭੈਣ ਭਰਾ ਹੋ?
- ਤੁਹਾਡੇ ਪਰਿਵਾਰ ਵਿੱਚ ਕਿੰਨੇ ਜੀਅ ਹਨ?
- ਕੁਰਸੀ ਦੀਆਂ ਕਿੰਨੀਆਂ ਲੱਤਾਂ ਹਨ?
- ਤੁਹਾਡੇ ਇੱਕ ਹੱਥ ਦੀਆਂ ਕਿੰਨੀਆਂ ਉਂਗਲਾਂ ਹਨ?
- ਤੁਹਾਡੇ ਦੋਵੇਂ ਹੱਥਾਂ ਦੀਆਂ ਕਿੰਨੀਆਂ ਉਂਗਲਾਂ ਹਨ?
- ਤੁਹਾਡੇ ਸਕੂਲ ਵਿੱਚ ਕਿੰਨੇ ਦਰਖ਼ਤ ਹਨ?




## ਗਤੀਵਿਧੀ

ਇੱਕ ਦੋ

ਹੱਥ ਧੋ





ਤਿੰਨ ਚਾਰ

ਖਾ ਅਨਾਰ

ਪੰਜ ਛੇ

ਮੈਨੂੰ ਦੇ





ਸੱਤ ਅੱਠ

ਚੁੱਕ ਲੈ ਗੱਠ


ਨੌਂ ਦਸ

ਖੁੱਲ ਕੇ ਹੱਸ




ਬੱਦਲਾਂ ਵਿੱਚੋਂ ਮੀਂਹ ਵਰਸਾਓ
ਮੀਂਹ ਦੀਆਂ ਕਣੀਆਂ ਹੇਠਾਂ ਤੱਕ ਬਣਾਓ








ਕਾਗਜ਼ ਦੀ ਕਿਸ਼ਤੀ ਬਣਾ ਕੇ ਪਾਣੀ ਵਿੱਚ ਚਲਾਈਏ
ਕਿਸ਼ਤੀ ਹੇਠ ਪਾਣੀ ਬਣਾਈਏ



**ਸੰਕੇਤ** ਅਧਿਆਪਕ ਕਹਾਣੀ ਸੁਣਾ ਕੇ ਗਿਣਤੀ ਸਿਖਾਉਣ ਤੋਂ ਪਹਿਲਾਂ ਮੀਂਹ ਦੀਆਂ ਕਣੀਆਂ ਬਣਾ ਕੇ ਅਤੇ ਕਿਸ਼ਤੀ ਹੇਠਾਂ ਪਾਣੀ ਬਣਾਉਣਾ ਸਿਖਾਉਂਦੇ ਹੋਏ ਪੇਜ਼ ਪੂਰਾ ਭਰਵਾਏਗਾ।

**ਆਓ ਪਾਣੀ ਅਤੇ ਕਣੀਆਂ ਨੂੰ ਮਿਲਾਈਏ**






**ਗੋਲ ਗੋਲ ਘੁਮਾਓ ਬਿੱਲੀ ਦੀ ਪੂੰਛ ਬਣਾਓ**








**ਸੰਕੇਤ** ਅਧਿਆਪਕ ਕਹਾਣੀ ਸੁਣਾ ਕੇ ਬੱਚਿਆਂ ਨੂੰ ਪੂਰਾ ਪੇਜ਼, ਦੋਵੇਂ ਗਤੀਵਿਧੀਆਂ ਨਾਲ ਭਰਨ ਲਈ ਉਤਸ਼ਾਹਿਤ ਕਰਨ ਅਤੇ ਇਸ ਤੋਂ ਬਾਅਦ ਇਹ ਦੋਵੇਂ ਗਤੀਵਿਧੀਆਂ ਕਾਪੀ ਉੱਪਰ ਵੀ ਕਰਵਾਉਣ।


ਕਾਵਾਂ ਨੂੰ ਆਲ੍ਹਣਿਆਂ ਤੱਕ ਪਹੁੰਚਣ ਵਿੱਚ ਮਦਦ ਕਰੋ





ਇੱਕ ਇੱਕ ਇੱਕ

ਨੱਕ ਸਾਡਾ ਇੱਕ

ਰੰਗ ਭਰੋ



1

ਦੋ ਦੋ ਦੋ

ਅੱਖਾਂ ਸਾਡੀਆਂ ਦੋ



ਰੰਗ ਭਰੋ




2



ਤਿੰਨ ਤਿੰਨ ਤਿੰਨ

ਪੱਖੇ ਦੇ ਪਰ ਤਿੰਨ

ਰੰਗ ਭਰੋ



3



ਚਾਰ ਚਾਰ ਚਾਰ

ਕੁਰਸੀ ਦੀਆਂ ਲੱਤਾਂ ਚਾਰ



ਰੰਗ ਭਰੋ

4

ਪੰਜ ਪੰਜ ਪੰਜ

ਹੱਥ ਦੀਆਂ ਉਂਗਲਾਂ ਪੰਜ

ਰੰਗ ਭਰੋ





5




ਰੰਗ ਭਰੋ

1 2

3 4 5

# 1 ਤੋਂ 5 ਤੱਕ ਦਾ ਜ਼ੁਬਾਨੀ ਗਿਆਨ

ਆਪਣੇ-ਆਪਣੇ ਇੱਕ ਹੱਥ ਦੀਆਂ ਉਂਗਲਾਂ ਗਿਣੋ।




ਅਵਨੀਤ


ਇੱਕ ਹੱਥ ਦੀਆਂ ਕਿੰਨੀਆਂ ਉਂਗਲਾਂ ਹਨ?

5

ਅਵਨੀਤ

ਹੁਣ ਚਲੋ ਹੱਥ ਦੀਆਂ ਉਂਗਲਾਂ ਦੇ ਨਾਲ-ਨਾਲ ਹੋਰ ਵਸਤੂਆਂ ਵੀ ਗਿਣੀਏ।

ਇਹ ਕੀ ਲਿਖਿਆ ਹੈ?




1

ਅਸਲਮ

1

ਇਸ ਕਾਰਡ 'ਤੇ ਕਿਹੜਾ ਅੰਕ ਹੈ?

1


ਚਿੰਟੂ

ਸੰਖਿਆ ਪੱਟੀ 'ਤੇ 1 ਦਿਖਾਓ

| | | | | | | | | |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |


**ਸੰਕੇਤ** ਉੱਪਰ ਦੱਸੇ ਅਨੁਸਾਰ ਅਧਿਆਪਕ 1 ਤੋਂ 5 ਤੱਕ ਦੇ ਅੰਕਾਂ ਦਾ ਸੰਖਿਆ ਬੋਧ ਹੱਥ ਦੀਆਂ ਉਂਗਲਾਂ, ਸਥੂਲ ਵਸਤੂਆਂ, ਮਾਨ ਕਾਰਡ ਅਤੇ ਸੰਖਿਆ ਪੱਟੀ ਦੀ ਸਹਾਇਤਾ ਨਾਲ ਕਰਵਾਏਗਾ।

# 1 ਤੋਂ 5 ਅੰਕਾਂ ਨੂੰ ਗਿਣਨਾ, ਪਹਿਚਾਣ ਕਰਨਾ




2


ਉਂਗਲਾਂ ਨਾਲ | ਬਿੰਦੀਆਂ ਨਾਲ | ਵਸਤੂਆਂ ਨਾਲ | ਮਾਨ ਕਾਰਡ ਨਾਲ




1




2



3




4




5




## ਛਾਲ ਮਾਰੋ ਅਤੇ ਕਾਰਡ ਲਿਆਓ




## ਕ੍ਰਮ ਅਨੁਸਾਰ ਖੜ੍ਹੋ







- ਕਿਤਾਬ ਦੇ ਪਿਛਲੇ ਪੰਨਿਆਂ 'ਤੇ ਦਿੱਤੇ ਮਾਨ ਕਾਰਡ ਦੀ ਵਰਤੋਂ ਨਾਲ ਬੱਚਿਆਂ ਨੂੰ ਵੱਖ-ਵੱਖ ਵਸਤੂਆਂ ਗਿਣਨ ਨੂੰ ਦੇਣਾ। ਧਿਆਨ ਰਹੇ ਕਿ ਗਿਣਨਾ ਅਤੇ ਬੋਲਣਾ ਮੇਲ ਖਾਂਦਾ ਹੋਵੇ। ਗਿਣਨ ਦੇ ਨਾਲ-ਨਾਲ ਮਾਨ ਕਾਰਡ ਤੇ ਉਹੀ ਸੰਖਿਆ ਦਿਖਾਉਣਾ ਅਤੇ ਸੰਖਿਆ ਪੱਟੀ 'ਤੇ ਲੱਭਣ ਲਈ ਕਹਿਣਾ।
- ਫਰਸ਼ 'ਤੇ ਸਟਾਪੂ ਬਣਾ ਕੇ ਦੱਸੀ ਸੰਖਿਆ 'ਤੇ ਛਾਲ ਮਾਰਨ ਲਈ ਕਹਿਣਾ।
- ਬੱਚਿਆਂ ਨੂੰ ਚੱਕਰ ਵਿੱਚ ਖੜ੍ਹਾ ਕਰਕੇ ਸੰਖਿਆ ਦੱਸ ਕੇ ਮਾਨ ਕਾਰਡ ਚੁੱਕਣ ਲਈ ਕਹਿਣਾ।
- ਮਾਨ ਕਾਰਡ ਚੁੱਕਣ ਤੋਂ ਬਾਅਦ ਬੱਚਿਆ ਨੂੰ ਕ੍ਰਮ ਅਨੁਸਾਰ ਖੜ੍ਹੇ ਹੋਣ ਲਈ ਕਹਿਣਾ ਤੇ ਸੰਖਿਆ ਬੋਲਣਾ।




## ਗੁਬਾਰੇ ਗਿਣੋ, ਸੰਖਿਆ ਪਹਿਚਾਣੋ ਅਤੇ ਮਿਲਾਨ ਕਰੋ



5



3



1



2



4






## ਆਪਣੀਆਂ ਮਨਪਸੰਦ ਵਸਤੂਆਂ ਬਣਾਓ

| 4 | 3 | 5 | 1 | 2 |
|---|---|---|---|---|
| | | | | |



**ਸੰਕੇਤ** ਅਧਿਆਪਕ ਬੱਚਿਆਂ ਨੂੰ ਮਨਪਸੰਦ ਵਸਤੂਆਂ ਬਨਾਉਣ ਲਈ ਉਤਸ਼ਾਹਿਤ ਕਰਨ।

ਪਾਸੇ (DICE)'ਤੇ ਜਿੰਨੇ ਬਿੰਦੂ ਦਿਖਾਈ ਦੇ ਰਹੇ ਹਨ, ਉੱਨੇ ਹੀ ਮੋਤੀ, ਮਾਲਾ ਵਿੱਚ ਬਣਾਓ ਅਤੇ ਅੰਕਾਂ ਨਾਲ ਮਿਲਾਓ :

| | | |
|---|---|---|
|  |  | 5 |
|  |  | 3 |
|  |  | 1 |
|  |  | 2 |
|  |  | 4 |


ਦਿੱਤੇ ਅੰਕ ਅਨੁਸਾਰ ਗਮਲੇ ਵਿੱਚ ਫੁੱਲ ਬਣਾਓ :






## ਬਿੰਦੀ ਤੋਂ ਤਾਰੇ ਵੱਲ ਜਾਈਏ, ਸੋਹਣੇ-ਸੋਹਣੇ ਅੰਕ ਬਣਾਈਏ


| 1 | 2 | 3 | 4 | 5 |
|---|---|---|---|---|




## 1 ਤੋਂ 5 ਤੱਕ ਗਿਣਤੀ ਲਿਖੋ :




**ਸੰਕੇਤ** ਅਧਿਆਪਕ 1 ਤੋਂ 5 ਤੱਕ ਅੰਕ ਲਿਖਵਾਏਗਾ। ਇਸ ਤਰ੍ਹਾਂ ਦਾ ਅਭਿਆਸ ਵਾਰ-ਵਾਰ ਕਾਪੀ 'ਤੇ ਕਰਵਾਏ।













ਉੱਪਰ ਦਿੱਤੇ ਸਮੁੰਦਰੀ ਜੀਵ ਗਿਣੋ ਅਤੇ ਖਾਨੇ ਵਿੱਚ ਅੰਕ ਲਿਖੋ :




## ਆਓ ਸਿੱਖੀਏ

### 6 ਤੋਂ 9 ਤੱਕ ਦਾ ਜ਼ੁਬਾਨੀ ਗਿਆਨ

| ਉਂਗਲਾਂ ਨਾਲ | ਬਿੰਦੀਆਂ ਨਾਲ | ਵਸਤੂਆਂ ਨਾਲ | ਮਾਨ ਕਾਰਡ |
|---|---|---|---|
|  |  |  | 6 |
|  |  |  | 7 |
|  |  |  | 8 |
|  |  |  | 9 |


### 1 ਤੋਂ 9 ਤੱਕ ਅੰਕਾਂ ਦੀ ਪਹਿਚਾਣ




| | | |
|---|---|---|
| 1 | 2 | 3 |
| 4 | 5 | 6 |
| 7 | 8 | 9 |



**ਸੰਕੇਤ** ਜਦੋਂ ਬੱਚਾ 1 ਤੋਂ 5 ਤੱਕ ਵਸਤੂਆਂ ਗਿਣਨ ਲੱਗ ਜਾਵੇ ਅਤੇ 1 ਤੋਂ 5 ਦੇ ਅੰਕਾਂ ਦੀ ਪਹਿਚਾਣ ਕਰਨਾ ਅਤੇ ਲਿਖਣਾ ਸਿੱਖ ਜਾਵੇ ਤਾਂ 6 ਤੋਂ 9 ਤੱਕ ਦੇ ਅੰਕਾਂ ਨੂੰ ਅੱਗੇ ਵਸਤੂਆਂ ਨਾਲ ਗਿਣਨਾ ਸਿਖਾਉਣਾ। ਗਿਣਦੇ ਹੋਏ ਮਾਨ ਕਾਰਡ ਅਤੇ ਸੰਖਿਆ ਪੱਟੀ ਦੀ ਵਰਤੋਂ ਕਰਨਾ।




## ਛਾਲ ਮਾਰੋ ਤੇ ਕਾਰਡ ਲਿਆਓ




## ਕ੍ਰਮ ਅਨੁਸਾਰ ਖੜ੍ਹੋ







**ਸੰਕੇਤ**


- 1 ਤੋਂ 9 ਤੱਕ ਅੰਕਾਂ ਦੀ ਗਿਣਤੀ ਵਿੱਚੋਂ ਕੋਈ ਅੰਕ ਬੋਲ ਕੇ ਬੱਚੇ ਨੂੰ ਉਸ ਅੰਕ ਤੱਕ ਛਲਾਂਗ ਲਗਾਉਣ ਨੂੰ ਕਹਿਣਾ।
- ਬੱਚਿਆਂ ਨੂੰ ਗੋਲਾ ਆਕਾਰ ਵਿੱਚ ਖੜ੍ਹੇ ਕਰਨਾ ਅਤੇ 1 ਤੋਂ 9 ਤੱਕ ਦੇ ਮਾਨ ਕਾਰਡ ਵਿਚਕਾਰ ਰੱਖਣਾ। ਕੋਈ ਇੱਕ ਅੰਕ ਬੋਲਣਾ ਅਤੇ ਬੱਚੇ ਨੂੰ ਕਾਰਡ ਚੁੱਕਣ ਨੂੰ ਕਹਿਣਾ।
- 1 ਤੋਂ 9 ਤੱਕ ਅੰਕਾਂ ਦੇ ਮਾਨ ਕਾਰਡ ਬੱਚਿਆਂ ਨੂੰ ਵੰਡ ਕੇ ਉਹਨਾਂ ਨੂੰ ਗਿਣਤੀ ਬੋਲਦੇ ਹੋਏ ਕ੍ਰਮ ਅਨੁਸਾਰ ਖੜ੍ਹੇ ਹੋਣ ਲਈ ਕਹਿਣਾ।





6 ਸੇਬਾਂ ਵਿੱਚ ਰੰਗ ਭਰੋ :



8 ਗੁਬਾਰਿਆਂ ਵਿੱਚ ਰੰਗ ਭਰੋ :



7 ਤਿੱਤਲੀਆਂ ਵਿੱਚ ਰੰਗ ਭਰੋ :




ਪਾਸੇ (DICE)'ਤੇ ਜਿੰਨੇ ਬਿੰਦੂ ਦਿਖਾਈ ਦੇ ਰਹੇ ਹਨ, ਉੱਨੇ ਹੀ ਮੋਤੀ, ਮਾਲਾ ਵਿੱਚ ਬਣਾਓ ਅਤੇ ਅੰਕਾਂ ਨਾਲ ਮਿਲਾਓ :






## ਬਿੰਦੀ ਤੋਂ ਤਾਰੇ ਵੱਲ ਜਾਈਏ, ਸੋਹਣੇ-ਸੋਹਣੇ ਅੰਕ ਬਣਾਈਏ

| 6 | 7 | 8 | 9 |
|---|---|---|---|





## 6 ਤੋਂ 9 ਤੱਕ ਗਿਣਤੀ ਲਿਖੋ :






**ਸੰਕੇਤ** ਅਧਿਆਪਕ 6 ਤੋਂ 9 ਤੱਕ ਅੰਕ ਲਿਖਵਾਏਗਾ। ਇਸ ਤਰ੍ਹਾਂ ਦਾ ਅਭਿਆਸ ਵਾਰ-ਵਾਰ ਕਾਪੀ 'ਤੇ ਕਰਵਾਏ।


## ਗਿਣੋ ਅਤੇ ਲਿਖੋ :
















ਕ੍ਰਮ ਅਨੁਸਾਰ ਮਿਲਾਓ, ਰੰਗਾਂ ਨਾਲ਼ ਸਜਾਓ



# ਗਤੀਵਿਧੀ

## ਬਿਲਕੁਲ ਪਹਿਲਾਂ, ਬਿਲਕੁਲ ਬਾਅਦ




ਅਹਿਲ ਗੁਰਫਤਿਹ ਸਿੰਘ ਸਿਮਰਨ ਕੁਲਜੀਤ ਪਿੰਕੀ ਅਸਲਮ ਜੋਤੀ ਰਾਣੋ ਸੰਦੀਪ



ਸਿਮਰਨ ਤੋਂ ਬਿਲਕੁਲ ਬਾਅਦ ਕੌਣ ਖੜਾ ਹੈ? — ਕੁਲਜੀਤ



ਪਿੰਕੀ ਤੋਂ ਬਿਲਕੁਲਪਹਿਲਾਂ ਕੌਣ ਖੜਾ ਹੈ? — ਕੁਲਜੀਤ



ਸਿਮਰਨ ਅਤੇ ਪਿੰਕੀ ਦੇ ਵਿਚਕਾਰ ਕੌਣ ਖੜਾ ਹੈ? — ਕੁਲਜੀਤ



| | | | | | | | | |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |



ਸੰਖਿਆ ਪੱਟੀ ਨੂੰ ਦੇਖੋ

7 ਤੋਂ ਬਿਲਕੁਲ ਪਹਿਲਾਂ ਕਿਹੜਾ ਅੰਕ ਹੈ? — 6





8 ਤੋਂ ਬਿਲਕੁਲ ਬਾਅਦ ਕਿਹੜਾ ਅੰਕ ਹੈ? — 9


ਬਹੁਤ ਵਧੀਆ




ਪਹਿਲਾਂ ਆਉਣਾ ਕੀ, ਬਾਅਦ 'ਚ ਆਉਣਾ ਕੀ,
ਆਉਣਾ ਕੀ ਵਿਚਕਾਰ,
ਗਿਣਤੀ ਸਿੱਧੀ - ਪੁੱਠੀ ਕਰੀਏ,
ਕਰੀਏ ਸੋਚ ਵਿਚਾਰ।





## ਬਿਲਕੁਲ ਪਹਿਲਾਂ ਕੀ ਆਵੇਗਾ?




## ਬਿਲਕੁਲ ਬਾਅਦ ਕੀ ਆਵੇਗਾ?





## ਵਿਚਕਾਰ ਕੀ ਆਵੇਗਾ?



**ਵਸਤੂਆਂ ਗਿਣਕੇ ਲਾਲ ਖਾਨੇ ਵਿੱਚ ਲਿਖੋ ਅਤੇ ਉਸਤੋਂ ਬਿਲਕੁਲ ਬਾਅਦ ਵਾਲਾ ਅੰਕ ਹਰੇ ਖਾਨੇ ਵਿੱਚ ਲਿਖੋ :**













**ਸੰਕੇਤ** ਉੱਪਰ ਦਿੱਤੀਆਂ ਵਸਤੂਆਂ ਨੂੰ ਗਿਣਕੇ ਪਹਿਲਾਂ ਬੱਚਿਆਂ ਨੂੰ ਲਾਲ ਖਾਨੇ ਵਿੱਚ ਲਿਖਣ ਲਈ ਕਹਿਣਾ ਫਿਰ ਉਸ ਤੋਂ ਬਾਅਦ ਵਾਲਾ ਅੰਕ ਹਰੇ ਖਾਨੇ ਵਿੱਚ ਲਿਖਣ ਲਈ ਕਹਿਣਾ।


**ਵਸਤੂਆਂ ਗਿਣ ਕੇ ਲਾਲ ਖਾਨੇ ਵਿੱਚ ਲਿਖੋ ਅਤੇ ਉਸ ਤੋਂ ਬਿਲਕੁਲ ਪਹਿਲਾ ਅੰਕ ਹਰੇ ਖਾਨੇ ਵਿੱਚ ਲਿਖੋ :**


















ਆਓ ਸਿੱਖੀਏ


## ਅੰਕ ਦੀ ਤੁਲਨਾ

ਅਧਿਆਪਕ ਆਪਣੇ ਦੋਵਾਂ ਹੱਥਾਂ ਵਿੱਚ ਵੱਖ-ਵੱਖ ਗਿਣਤੀ ਦੇ ਚਾਕ ਦੇ ਟੁੱਕੜੇ ਲੈ ਕੇ ਬੱਚਿਆਂ ਨੂੰ ਦਿਖਾਉਂਦੇ ਹੋਏ ਅੰਦਾਜ਼ਾ ਲਗਾਉਣ ਲਈ ਕਹਿਣਗੇ ਕਿ ਕਿਸ ਹੱਥ ਵਿੱਚ ਵੱਧ ਚਾਕ ਦੇ ਟੁੱਕੜੇ ਹਨ ਅਤੇ ਕਿਸ ਹੱਥ ਵਿੱਚ ਘੱਟ ਚਾਕ ਦੇ ਟੁੱਕੜੇ ਹਨ।





ਹੁਣ ਦੇਖਦੇ ਹਾਂ ਕਿ ਕਿਸ ਹੱਥ ਵਿੱਚ ਵੱਧ ਚਾਕ ਦੇ ਟੁੱਕੜੇ ਹਨ।





**ਸੰਕੇਤ** ਅਧਿਆਪਕ ਵੱਖ-ਵੱਖ ਵਸਤੂਆਂ ਨਾਲ ਅਤੇ ਵੱਖ-ਵੱਖ ਮਾਤਰਾ ਨਾਲ ਉਪਰੋਕਤ ਗਤੀਵਿਧੀ ਕਰਵਾਉਣਗੇ। ਅਧਿਆਪਕ ਬਲੈਕ ਬੋਰਡ 'ਤੇ ਸੰਖਿਆਵਾਂ ਲਿਖ ਕੇ ਵੱਧ-ਘੱਟ ਸੰਖਿਆ ਬਾਰੇ ਦੱਸਣਗੇ।

ਹਰੇਕ ਸਮੂਹ ਦੇ ਚਿੱਤਰਾਂ ਨੂੰ ਗਿਣੋ, ਲਿਖੋ ਅਤੇ ਵੱਡੇ ਅੰਕ 'ਤੇ ਚੱਕਰ ਲਗਾਓ :












ਹਰੇਕ ਸਮੂਹ ਦੇ ਚਿੱਤਰਾਂ ਨੂੰ ਗਿਣੋ, ਲਿਖੋ ਅਤੇ ਛੋਟੇ ਅੰਕ 'ਤੇ ਚੱਕਰ ਲਗਾਓ :









## ਆਓ ਕਰੀਏ



ਵੱਡੇ ਅੰਕ ਅਤੇ ਛੋਟੇ ਅੰਕ ਵਿੱਚ ਸਮਝ ਲਓ ਤੁਸੀਂ ਟੱਕਰ
ਵੱਡੇ ਅੰਕ ਨੂੰ ਲੱਭ ਕੇ ਲਗਾਓ ਉਸ 'ਤੇ ਚੱਕਰ

| | | | | | |
|---|---|---|---|---|---|
| (8) | 3 | 2 | 5 | 4 | 3 |
| 8 | 7 | 9 | 6 | 3 | 8 |



ਛੋਟੇ ਅੰਕ ਅਤੇ ਵੱਡੇ ਅੰਕ ਵਿੱਚ ਸਮਝ ਲਓ ਤੁਸੀਂ ਟੱਕਰ
ਛੋਟੇ ਨੂੰ ਅੰਕ ਨੂੰ ਲੱਭ ਕੇ ਲਗਾਓ ਉਸ 'ਤੇ ਚੱਕਰ


| | | | | | |
|---|---|---|---|---|---|
| 9 | (6) | 3 | 5 | 9 | 2 |
| 7 | 5 | 4 | 6 | 2 | 27 |

**ਸੰਕੇਤ** ਅਧਿਆਪਕ ਵੱਧ-ਘੱਟ ਵਸਤੂਆਂ ਦੇ ਨਾਲ-ਨਾਲ ਵੱਡੇ-ਛੋਟੇ ਅੰਕ ਦੀ ਵੀ ਜਾਣਕਾਰੀ ਦੇਣ ਅਤੇ ਉਸ ਤੋਂ ਬਾਅਦ ਵੱਡੇ ਛੋਟੇ ਅੰਕ 'ਤੇ ਚੱਕਰ ਲਗਵਾਉਣ।

ਆਓ ਸਿੱਖੀਏ


# ਬਰਾਬਰ

ਖੱਬੇ ਹੱਥ ਦੀਆਂ 5 ਉਂਗਲਾਂ





ਸੱਜੇ ਹੱਥ ਦੀਆਂ 5 ਉਂਗਲਾਂ





ਇਹ ਨਾ ਤਾਂ ਘੱਟ ਹਨ ਨਾ ਵੱਧ

ਇਹ ਤਾਂ ਬਰਾਬਰ ਹਨ









ਆਓ ਕਰੀਏ



**ਪੁੱਠੀ ਗਿਣਤੀ 9 ਤੋਂ 1ਤੱਕ ਗਿਣੋ ਅਤੇ ਲਿਖੋ :**








**ਸੰਕੇਤ** ਬੱਚਿਆਂ ਨੂੰ ਕਦਮਾਂ ਨਾਲ਼ ਪਿੱਛੇ ਵੱਲ ਕਦਮ ਗਿਣਦੇ ਹੋਏ ਪੁੱਠੀ ਗਿਣਤੀ ਬੋਲਣਾ ਸਿਖਾਉਣਾ ਅਤੇ ਫਿਰ ਹੱਥਾਂ ਦੀਆਂ ਉਂਗਲਾਂ/ਵਸਤੂਆਂ ਦੀ ਮਦਦ ਨਾਲ਼ ਘਟਾਉਂਦੇ ਹੋਏ ਪੁੱਠੀ ਗਿਣਤੀ ਕਰਵਾਉਣਾ।



## ਆਓ ਕਰੀਏ



ਪੁੱਠੀ ਗਿਣਤੀ ਦੇ ਕ੍ਰਮ ਅਨੁਸਾਰ ਮਿਲਾਓ
ਅਵਨੀਤ ਨੂੰ ਮਾਮਾ ਜੀ ਦੇ ਘਰ ਪਹੁੰਚਾਓ




ਅਵਨੀਤ ਸਿੰਘ

9.

7.

5.



8.

6.

3.




4.

2.





**ਸੰਕੇਤ** ਮਾਮਾ ਜੀ ਦੇ ਘਰ ਤੱਕ ਪਹੁੰਚਣ ਲਈ ਇੱਥੇ ਲਿਖੇ ਸਾਰੇ ਅੰਕਾਂ ਨੂੰ ਪੁੱਠੀ ਗਿਣਤੀ ਬੋਲ ਬੋਲ ਕੇ ਛੂੰਹਦੇ ਹੋਏ ਜਾਣਾ ਹੈ। ਸ਼ਰਤ ਇਹ ਹੈ ਕਿ ਇਹਨਾਂ ਅੰਕਾਂ ਨੂੰ ਲਾਈਨਾਂ ਨਾਲ ਜੋੜਦੇ ਹੋਏ ਜਾਣਾ ਹੈ ਅਤੇ ਧਿਆਨ ਰੱਖਣਾ ਕਿ ਲਾਈਨਾਂ ਇੱਕ ਦੂਜੇ ਨੂੰ ਨਾ ਛੂਹਣ ਅਤੇ ਨਾ ਹੀ ਕੱਟਣ।

## ਗਤੀਵਿਧੀ


### ਸਿਫ਼ਰ ਦਾ ਗਿਆਨ




### ਆਓ ਕਰੀਏ

**ਮੇਜ਼ 'ਤੇ ਕਿੰਨੀਆਂ ਕਿਤਾਬਾਂ ਹਨ?**





.......... ਮੋਤੀ .......... ਮੋਤੀ



.......... ਫੁੱਲ .......... ਫੁੱਲ




......... ਅੰਬ .......... ਅੰਬ

**ਸੰਕੇਤ**

## ਵਰਕਸ਼ੀਟ

1 ਤੋਂ 9 ਤੱਕ ਗਿਣਤੀ (ਸਿੱਧੀ) ਲਿਖੋ :




ਵੱਡੀ ਸੰਖਿਆ 'ਤੇ ਚੱਕਰ ਲਗਾਓ :

| 3 | 4 |
|---|---|
| 9 | 6 |

| 2 | 1 |
|---|---|
| 7 | 9 |


ਬਿਲਕੁੱਲ ਪਹਿਲਾਂ, ਬਿਲਕੁੱਲ ਬਾਅਦ ਅਤੇ ਵਿਚਕਾਰ ਵਾਲੇ ਅੰਕ ਖਾਲੀ ਥਾਵਾਂ ਵਿੱਚ ਭਰੋ :

____ 8
____ 5

7 ____
4 ____

7 ____ 9
4 ____ 6

9 ਤੋਂ 1 ਤੱਕ ਗਿਣਤੀ (ਪੁੱਠੀ) ਲਿਖੋ :





ਛੋਟੀ ਸੰਖਿਆ 'ਤੇ ਚੱਕਰ ਲਗਾਓ :

| 3 | 5 |
|---|---|
| 7 | 9 |

| 8 | 6 |
|---|---|
| 9 | 8 |

ਗਿਣੋ ਅਤੇ ਲਿਖੋ :



## ਗਤੀਵਿਧੀ

### 1 ਹੋਰ

1 ਹਰਾ ਤੋਤਾ, ਨੱਚ ਰਿਹਾ ਸੀ ਉਹ
1 ਹੋਰ ਆ ਗਿਆ, ਹੋ ਗਏ ਦੋ



ਦੋ ਹਰੇ ਤੋਤੇ, ਸੌਂ ਰਹੇ ਵਿੱਚ ਦਿਨ
1 ਹੋਰ ਆ ਗਿਆ, ਹੋ ਗਏ ਤਿੰਨ




ਤਿੰਨ ਹਰੇ ਤੋਤੇ, ਉੱਡਣ ਨੂੰ ਤਿਆਰ
1 ਹੋਰ ਆ ਗਿਆ, ਹੋ ਗਏ ਚਾਰ




4 ਹਰੇ ਤੋਤੇ ਨੱਚ ਰਹੇ ਵਿੱਚ ਜੰਝ
1 ਹੋਰ ਆ ਗਿਆ ਹੋ ਗਏ ਪੰਜ








**ਸੰਕੇਤ** ਇਹ ਕਵਿਤਾ ਬੱਚਿਆਂ ਨੂੰ ਨਾਲ ਲੈ ਕੇ ਕੀਤੀ ਜਾਵੇ ਤਾਂ ਜੋ ਇੱਕ ਹੋਰ ਦੇ ਸੰਕਲਪ ਨੂੰ ਸਮਝ ਸਕਣ। ਬਲੈਕ ਬੋਰਡ 'ਤੇ ਜੋੜ ਦੇ ਸੰਕਲਪ ਬਾਰੇ ਵਿਸਥਾਰ ਨਾਲ਼ ਦੱਸਣਾ ਕਿ ਪਹਿਲੀਆਂ ਵਸਤੂਆਂ ਵਿੱਚ ਹੋਰ ਵਸਤੂਆਂ ਦੇ ਮਿਲਣ ਨਾਲ਼ ਕੀ ਫ਼ਰਕ ਪੈਂਦਾ ਹੈ। ਕਵਿਤਾ ਬੋਲਦੇ ਹੋਏ ਇੱਕ ਅੰਕੀਂ ਜੋੜ ਨਾਲ ਜੋੜਨਾ ਅਤੇ ਜੋੜ ਦੇ 'ਚਿੰਨ੍ਹ' (+) ਬਾਰੇ ਦੱਸਣਾ।

## ਗਤੀਵਿਧੀ

### 1 ਉੱਡ ਗਿਆ/ਚਲਾ ਗਿਆ :



5 ਕਬੂਤਰ ਪੇੜ 'ਤੇ, ਕਰ ਰਹੇ ਵਿਚਾਰ
1 ਕਬੂਤਰ ਉੱਡ ਗਿਆ ਬਾਕੀ ਰਹਿ ਗਏ ਚਾਰ



4 ਕਬੂਤਰ ਪੇੜ 'ਤੇ, ਇੱਕ ਦੂਜੇ ਤੋਂ ਭਿੰਨ
1 ਕਬੂਤਰ ਉੱਡ ਗਿਆ ਬਾਕੀ ਰਹਿ ਗਏ ਤਿੰਨ



3 ਕਬੂਤਰ ਪੇੜ 'ਤੇ, ਖੇਡ ਰਹੇ ਸੀ ਉਹ
1 ਕਬੂਤਰ ਉੱਡ ਗਿਆ ਬਾਕੀ ਰਹਿ ਗਏ ਦੋ





2 ਕਬੂਤਰ ਪੇੜ 'ਤੇ, ਬੈਠੇ ਤਾਣ ਕੇ ਹਿੱਕ
1 ਕਬੂਤਰ ਉੱਡ ਗਿਆ ਬਾਕੀ ਰਹਿ ਗਿਆ ਇੱਕ



1 ਕਬੂਤਰ ਪੇੜ 'ਤੇ, ਬੈਠਾ ਬਣ ਕੇ ਹੀਰੋ
ਉਹ ਵੀ ਉੱਡ ਕੇ ਚਲਾ ਗਿਆ ਬਾਕੀ ਰਹਿ ਗਏ ਜ਼ੀਰੋ








**ਸੰਕੇਤ** ਇਹ ਕਵਿਤਾ ਬੱਚਿਆਂ ਦੇ ਨਾਲ ਲੈ ਕੇ ਕੀਤੀ ਜਾਵੇ ਤਾਂ ਜੋ ਵਸਤੂਆਂ ਘਟਣ ਦੀ ਸਮਝ ਆ ਸਕੇ। ਬਲੈਕ ਬੋਰਡ 'ਤੇ ਬਣਾ ਕੇ ਦੱਸਣਾ। ਕਵਿਤਾ ਬੋਲਦੇ ਹੋਏ ਅੰਕੀ ਰੂਪ ਵਿੱਚ ਘਟਾਓ ਬਾਰੇ ਦੱਸਣਾ। ਘਟਾਓ ਦੇ ਚਿੰਨ੍ਹ (−) ਬਾਰੇ ਦੱਸਣਾ।

## ਗਤੀਵਿਧੀ

### ਉਂਗਲਾਂ ਨਾਲ 5 ਤੱਕ ਦਾ ਜੋੜ-ਤੋੜ :



ਮੈਡਮ ਜੀ ਮੇਰੇ ਕੋਲ 1 ਪੈਨਸਿਲ ਸੀ।
ਮੰਮੀ ਨੇ 1 ਹੋਰ ਲੈ ਦਿੱਤੀ।
ਹੁਣ ਮੇਰੇ ਕੋਲ 2 ਪੈਨਸਿਲਾਂ ਹੋ ਗਈਆਂ।



ਅੱਛਾ ਜੀ, ਚਲੋ ਹੁਣ ਤੁਸੀਂ ਦੱਸੋ
ਕਿੰਨੀਆਂ ਉਂਗਲਾਂ ਖੜੀਆਂ ਨਜ਼ਰ ਆ ਰਹੀਆਂ ਹਨ।
ਕਿੰਨੀਆਂ ਮੁੜੀਆਂ ਨਜ਼ਰ ਆ ਰਹੀਆਂ ਹਨ।



2 ਖੜੀਆਂ

3 ਮੁੜੀਆਂ



ਸ਼ਾਬਾਸ਼ ! ਆਓ ਆਪਾ ਹੱਥ ਦੀਆਂ ਉਂਗਲਾਂ ਮੋੜ ਕੇ ਗਿਣਤੀ ਕਰੀਏ




**ਆਪਣੇ ਹੱਥ ਦੀਆਂ ਉਂਗਲਾਂ ਦਿੱਤੇ ਅਨੁਸਾਰ ਮੋੜ ਕੇ ਫਿਰ ਖੜੀਆਂ ਅਤੇ ਮੁੜੀਆਂ ਉਂਗਲਾਂ ਦੀ ਗਿਣਤੀ ਕਰਕੇ ਲਿਖੋ :**



ਖੜੀਆਂ ☐ ਮੁੜੀਆਂ ☐



ਖੜੀਆਂ ☐ ਮੁੜੀਆਂ ☐



ਖੜੀਆਂ ☐ ਮੁੜੀਆਂ ☐



ਖੜੀਆਂ ☐ ਮੁੜੀਆਂ ☐



ਖੜੀਆਂ ☐ ਮੁੜੀਆਂ ☐



ਖੜੀਆਂ ☐ ਮੁੜੀਆਂ ☐




**ਸੰਕੇਤ** ਇੱਕ ਹੱਥ ਦੀਆਂ ਉਂਗਲਾਂ ਵੱਖ-ਵੱਖ ਗਿਣਤੀ ਵਿੱਚ ਖੜ੍ਹੀਆਂ ਕਰਨਾ ਅਤੇ ਫਿਰ ਖੜੀਆਂ ਅਤੇ ਮੁੜੀਆਂ ਉਂਗਲਾਂ ਬਾਰੇ ਪੁੱਛਣਾ। ਇਸ ਤਰ੍ਹਾਂ ਅਭਿਆਸ ਕਈ ਵਾਰ ਕਰਵਾਉਣਾ ਤਾਂ ਫਿਰ ਸਲਾਈਡਿੰਗ ਕਾਰਡ ਨਾਲ। ਇਸ ਨਾਲ 5 ਤੱਕ ਅਤੇ 5 ਦਾ ਜੋੜ-ਤੋੜ ਕਰਵਾਉਣਾ।

## ਗਤੀਵਿਧੀ

## ਸਲਾਈਡਿੰਗ ਕਾਰਡ ਦੀ ਵਰਤੋਂ ਨਾਲ 5 ਤੱਕ ਦਾ ਜੋੜ-ਤੋੜ :






















### ਆਓ ਕਰੀਏ

| | ਕਾਰਡ ਦੇ ਹੇਠਾਂ | ਕਾਰਡ ਦੇ ਬਾਹਰ |
|---|---|---|
|  | | |
|  | | |
|  | | |
|  | | |
|  | | |
|  | | |



**ਸੰਕੇਤ** ਸਲਾਈਡਿੰਗ ਕਾਰਡ ਕਿਤਾਬ ਦੇ ਪਿੱਛੇ ਬਣਾਏ ਗਏ ਹਨ। ਅਧਿਆਪਕ ਉਸ ਨੂੰ ਕੱਟ ਕੇ ਜੋੜ ਘਟਾਓ ਕਰਵਾਉਣ। ਜਾਂ ਚਾਰਟ ਸ਼ੀਟ ਦੀ ਵਰਤੋਂ ਨਾਲ਼ ਪਿੱਛੇ ਦਿੱਤੇ ਅਨੁਸਾਰ ਸਲਾਈਡਿੰਗ ਕਾਰਡ ਅਤੇ ਖਾਲੀ ਸਲਾਈਡਰ ਕਾਰਡ ਤਿਆਰ ਕਰਨਾ। ਅਧਿਆਪਕ ਇਸ ਦੀ ਵਰਤੋਂ ਕਈ ਦਿਨ ਕਰਨ। ਸਲਾਈਡਿੰਗ ਕਾਰਡ 'ਤੇ ਬਾਹਰ ਦਿਖ ਰਹੀਆਂ ਅਤੇ ਸਲਾਈਡਰ ਦੇ ਹੇਠਾਂ ਦੀਆਂ ਬਿੰਦੀਆਂ ਬਾਰੇ ਪੁੱਛਣਾ।

## ਪ੍ਰਯੋਗੀ ਕਿਰਿਆ

**ਸਥੂਲ ਵਸਤੂਆਂ ਨਾਲ 5 ਦਾ ਜੋੜ-ਤੋੜ :**


















**ਸੰਕੇਤ** ਅਧਿਆਪਕ ਕੋਈ 5 ਸਥੂਲ ਵਸਤੂਆਂ ਲੈ ਕੇ ਦੋਹਾਂ ਹੱਥਾਂ ਵਿੱਚ ਵੰਡ ਕੇ ਬੱਚਿਆਂ ਨੂੰ ਦਿਖਾਉਣ ਅਤੇ ਬੱਚਿਆਂ ਨੂੰ ਵੀ 5 ਵਸਤੂਆਂ ਨੂੰ ਦੋਹਾਂ ਹੱਥਾਂ ਵਿੱਚ ਵੰਡਣ ਨੂੰ ਕਹਿਣਗੇ, ਅਤੇ ਉਸਨੂੰ ਬਲੈਕ ਬੋਰਡ 'ਤੇ ਵੀ ਦਰਸਾਉਣਗੇ।

ਆਓ ਕਰੀਏ


## 5 ਤੋਂ 9 ਤੱਕ ਜੋੜ-ਤੋੜ




| | | |
|---|---|---|
| 5 → 3, 2 | 5 → ___, ___ | 5 → ___, ___ |




| | | |
|---|---|---|
| 6 → 4, 2 | 6 → ___, ___ | 6 → ___, ___ |



| | | |
|---|---|---|
| 7 → 4, 3 | 7 → ___, ___ | 7 → ___, ___ |



| | | |
|---|---|---|
| 8 → 5, 3 | 8 → ___, ___ | 8 → ___, ___ |



| | | |
|---|---|---|
| 9 → 5, 4 | 9 → ___, ___ | 9 → ___, ___ |

**ਸੰਕੇਤ** ਅਧਿਆਪਕ ਬੱਚਿਆਂ ਨੂੰ ਇਸੇ ਤਰ੍ਹਾਂ ਦੀਆਂ ਸਥੂਲ ਵਸਤੂਆਂ ਜਿਵੇਂ ਕੀ ਪੈਨਸਿਲਾਂ, ਤੀਲੀਆਂ ਆਦਿ ਲੈ ਕੇ ਪੰਜ ਤੋਂ ਨੌਂ ਤੱਕ ਦੀਆਂ ਸੰਖਿਆਵਾਂ ਦਾ ਜੋੜ ਤੋੜ ਕਰਵਾਉਣਗੇ।

| 8 | |
|---|---|
| 7 | 1 |
| 5 | 3 |
| 4 | 4 |
| 3 | 5 |

| 7 | |
|---|---|
| | |
| | |
| | |
| | |

| 9 | |
|---|---|
| | |
| | |
| | |
| | |

| 6 | |
|---|---|
| | |
| | |
| | |
| | |

| 5 | |
|---|---|
| | |
| | |
| | |
| | |

ਆਓ ਸਿੱਖੀਏ

## ਸ਼ਾਬਦਿਕ ਸਵਾਲ




ਪੈਨਸਿਲਾਂ ਵਿੱਚ ਹੋਰ ਪੈਨਸਿਲਾਂ ਮਿਲਾਉਣ ਅਤੇ ਫਿਰ ਪੈਨਸਿਲ ਕੱਢਣਾ ਨਾਲ ਕੀ ਹੁੰਦਾ ਹੈ ਪਤਾ ਕਰੀਏ।

ਹਰਜੋਤ ਕੋਲ 1 ਪੈਨਸਿਲ ਹੈ। ਉਸ ਨੂੰ ਬਲਜੀਤ ਨੇ 1 ਪੈਨਸਿਲ ਹੋਰ ਦੇ ਦਿੱਤੀ ਤਾਂ ਉਸ ਕੋਲ ਕਿੰਨੀਆਂ ਪੈਨਸਿਲਾਂ ਹੋ ਗਈਆਂ?



1 + 1 = 2

ਹਰਜੋਤ ਕੋਲ 2 ਪੈਨਸਿਲਾਂ ਹਨ। ਉਸਨੂੰ 2 ਪੈਨਸਿਲਾਂ ਹੋਰ ਮਿਲ ਗਈਆ ਤਾਂ ਹੁਣ ਉਸ ਕੋਲ ਕਿੰਨੀਆਂ



2 + 2 = 4

ਹਰਜੋਤ ਨੇ 4 ਪੈਨਸਿਲਾਂ ਵਿੱਚੋਂ 2 ਪੈਨਸਿਲਾਂ ਬਲਜੀਤ ਨੂੰ ਦੇ ਦਿੱਤੀਆ ਹੁਣ ਉਸ ਕੋਲ ਕਿੰਨੀਆ ਪੈਨਸਿਲਾਂ ਰਹਿ ਗਈਆਂ?



4 - 2 = 2

ਬਲਜੀਤ ਕੋਲ 2 ਪੈਨਸਿਲਾਂ ਸਨ। ਲੱਕੀ ਨੇ 3 ਪੈਨਸਿਲਾਂ ਹੋਰ ਦੇ ਦਿੱਤੀਆਂ। ਹੁਣ ਬਲਜੀਤ ਕੋਲ



2 + 3 = 5

ਬਲਜੀਤ ਕੋਲ 5 ਪੈਨਸਿਲਾਂ ਸਨ। ਉਸਨੇ 2 ਪੈਨਸਿਲਾਂ ਅਮਨ ਨੂੰ ਦੇ ਦਿੱਤੀਆਂ। ਹੁਣ ਬਲਜੀਤ ਕੋਲ




5 - 2 = 3




ਪਾਣੀ ਵਿੱਚ 5 ਮੱਛੀਆਂ ਸਨ, 2 ਮੱਛੀਆਂ ਹੋਰ ਆ ਗਈਆਂ। ਹੁਣ ਕਿੰਨੀਆਂ ਮੱਛੀਆਂ ਹੋ ਗਈਆਂ?





ਮੱਛੀਆਂ ਮੱਛੀਆਂ

ਇਕ ਦਰੱਖ਼ਤ ਤੇ 5 ਪੰਛੀ ਬੈਠੇ ਸਨ, 4 ਪੰਛੀ ਹੋਰ ਆ ਗਏ। ਦਰੱਖ਼ਤ ਤੇ ਕਿੰਨੇ ਪੰਛੀ ਹੋ ਜਾਣਗੇ?





ਪੰਛੀ ਪੰਛੀ

4 ਬੱਚੇ ਝੂਟੇ ਲੈ ਰਹੇ ਹਨ, 2 ਹੋਰ ਆ ਗਏ ਤਾਂ ਹੁਣ ਕਿੰਨੇ ਬੱਚੇ ਹੋ ਗਏ?





ਬੱਚੇ ਬੱਚੇ

## ਆਓ ਸਿੱਖੀਏ

# ਜੋੜ-ਅੱਗੇ ਵੱਲ ਗਿਣਦੇ ਹੋਏ



| | |
|---|---|
| | 4 |
| + | 3 |
| | 7 |

| | | | | | | | | | |
|---|---|---|---|---|---|---|---|---|---|
| 0 | 1 | 2 | 3 | 4 | 5 | 6 | 7 | 8 | 9 |

1 + 4

ਵਿਧੀ–

ਪਗ 1. ਪਹਿਲੇ ਦਿੱਤੇ ਅੰਕ ਇੱਕ ਤੋਂ ਛਲਾਂਗ ਸ਼ੁਰੂ ਕਰੋ। 1 ☐ ☐ ☐ ☐

ਪਗ 2. ਜਿਨ੍ਹੇ ਅੰਕ ਜੋੜਨੇ ਹੋਣ ਉਨ੍ਹੇ ਹੀ ਅੱਗੇ ਵੱਲ ਛਲਾਂਗਾਂ ਲਗਾਓ।

ਪਗ 3. ਹੁਣ, ਸਿੱਧੀ ਗਿਣਤੀ ਕਰਦੇ ਹੋਏ ਸੰਖਿਆਵਾਂ ਲਿਖੋ। 1 2 3 4 5

ਪਗ 4. 1 + 4 = 5


| | |
|---|---|
| | 1 |
| + | 4 |
| | 5 |

1 + 4 = 5

## ਆਓ ਕਰੀਏ

| | | | | | | | | | |
|---|---|---|---|---|---|---|---|---|---|
| 0 | 1 | 2 | 3 | 4 | 5 | 6 | 7 | 8 | 9 |







4 + 1 = ☐

1 + 3 = ☐

3 + 1 = ☐

**ਸੰਕੇਤ** ਅਧਿਆਪਕ ਬੱਚਿਆਂ ਨੂੰ ਦਿੱਤੀ ਸੰਖਿਆ ਅਨੁਸਾਰ ਪਹਿਲੀ ਸੰਖਿਆ ਤੋਂ ਸੰਖਿਆ ਪੱਟੀ ਦੀ ਮਦਦ ਨਾਲ ਅੱਗੇ ਗਿਣਦੇ ਹੋਏ ਸਵਾਲ ਕਰਵਾਉਣਗੇ।

## ਆਓ ਸਿੱਖੀਏ

# ਘਟਾਓ-ਪੁੱਠੀ ਗਿਣਤੀ ਨਾਲ

| | | | | | | | | | |
|---|---|---|---|---|---|---|---|---|---|
| 0 | 1 | 2 | 3 | 4 | 5 | 6 | 7 | 8 | 9 |



4
- 3
1

ਵਿਧੀ—

5 - 1

ਪਗ 1. ਪਹਿਲਾਂ ਦਿੱਤੇ ਅੰਕ 5 ਤੋਂ ਛਲਾਂਗ ਸ਼ੁਰੂ ਕਰੋ। 5

ਪਗ 2. ਜਿਨ੍ਹੇ ਅੰਕ ਘਟਾਉਣੇ ਹੋਣ ਉਨ੍ਹੇ ਹੀ ਪਿੱਛੇ ਵੱਲ ਛਲਾਂਗਾਂ ਲਗਾਓ।

ਪਗ 3. ਹੁਣ, ਪੁੱਠੀ ਗਿਣਤੀ ਕਰਦੇ ਹੋਏ ਸੰਖਿਆਵਾਂ ਲਿਖੋ। 4 5


ਪਗ 4. 5 − 1 = 4

5
- 1
4

5 - 1 = 4

## ਆਓ ਕਰੀਏ

| | | | | | | | | | |
|---|---|---|---|---|---|---|---|---|---|
| 0 | 1 | 2 | 3 | 4 | 5 | 6 | 7 | 8 | 9 |



4 - 1 =

5 - 3 =

3 - 1 =

ਸੰਕੇਤ: ਅਧਿਆਪਕ ਬੱਚਿਆਂ ਨੂੰ ਦਿੱਤੀ ਸੰਖਿਆ ਅਨੁਸਾਰ ਪਹਿਲੀ ਸੰਖਿਆ ਤੋਂ ਸੰਖਿਆ ਪੱਟੀ ਦੀ ਮਦਦ ਨਾਲ ਪੁੱਠੀ ਗਿਣਤੀ ਕਰਦੇ ਹੋਏ ਸਵਾਲ ਕਰਵਾਉਣਗੇ।

ਆਓ ਸਿੱਖੀਏ

## ਜੋੜ-ਘਟਾਓ ਦੇ ਗੁਣ

ਆਓ ਕਰੀਏ

**1 ਹੋਰ 'ਤੇ ਅਗਲਾ ਅੰਕ ਪ੍ਰਾਪਤ ਹੁੰਦਾ ਹੈ**

| | | | |
|---|---|---|---|
| 1 + 1 = 2 | 8 + 1 = 9 | 5 + 1 = | 4 + 1 = |

**ਅੰਕ ਨੂੰ ਕਿਸੇ ਵੀ ਕ੍ਰਮ ਵਿੱਚ ਜੋੜਨ 'ਤੇ ਜਵਾਬ ਇੱਕੋ ਜਿਹਾ ਹੀ ਰਹਿੰਦਾ ਹੈ**

| | | |
|---|---|---|
| 2 + 3 =   = 3 + 2 | 1 + 2 =   = 2 + 1 | 3 + 4 =   = 4 + 3 |

**ਕਿਸੇ ਅੰਕ ਵਿੱਚ 0 ਜੋੜਨ 'ਤੇ ਕੋਈ ਫਰਕ ਨਹੀਂ ਪੈਂਦਾ**

| | | | |
|---|---|---|---|
| 1 + 0 = 1 | 8 + 0 = 8 | 5 + 0 = | 4 + 0 = |

**ਸੰਖਿਆ ਵਿੱਚ 1 ਘਟਾਉਣ 'ਤੇ ਪਿਛਲੀ ਸੰਖਿਆ ਪ੍ਰਾਪਤ ਹੁੰਦੀ ਹੈ**

| | | | |
|---|---|---|---|
| 2 − 1 = 1 | 8 − 1 = 7 | 5 − 1 = | 4 − 1 = |

**ਸੰਖਿਆ ਵਿੱਚੋਂ ਉਹੀ ਸੰਖਿਆ ਘਟਾਈ ਜਾਂਦੀ ਹੈ ਤਾਂ "0" ਪ੍ਰਾਪਤ ਹੁੰਦੀ ਹੈ**

| | | | |
|---|---|---|---|
| 9 − 9 = 0 | 8 − 8 = 0 | 5 − 5 = | 4 − 4 = |

**ਸੰਖਿਆ ਵਿੱਚੋਂ 0 ਘਟਾਉਣ 'ਤੇ ਉਹੀ ਸੰਖਿਆ ਪ੍ਰਾਪਤ ਹੁੰਦੀ ਹੈ**

| | | | |
|---|---|---|---|
| 2 − 0 = 2 | 8 − 0 = 8 | 5 − 0 = | 3 − 0 = |

ਸਿਫ਼ਰ ਜੋੜੀਏ ਸਿਫ਼ਰ ਘਟਾਈਏ
ਫ਼ਰਕ ਨਾ ਕੁਝ ਵੀ ਪੈਂਦਾ
ਜੋ ਕੁੱਝ ਸਾਡੇ ਕੋਲ ਹੈ ਬੱਚਿਓ
ਉਹੀ ਕੁੱਝ ਹੈ ਰਹਿੰਦਾ




## ਆਓ ਸਿੱਖੀਏ




ਜਿੰਨੇ ਖਾਵੇ ਅਮਨ
ਉੱਨੇ ਖਾਵੇ ਰਮਨ
ਦੱਸੋ ਕਿੰਨੇ ਲਿਆਏ ਦਮਨ

ਦਮਨ ਲਿਆਵੇ ਜੋ ਵੀ
ਹਿੱਸੇ ਕਰਦਾ ਦੋ
ਦੋਵਾਂ ਨੂੰ ਮਿਲਣ ਬਰਾਬਰ
ਖੁਸ਼ ਹੋ ਜਾਂਦੇ ਉਹ






## ਆਓ ਕਰੀਏ




**ਸੰਕੇਤ** ਸਥੂਲ ਵਸਤੂਆਂ ਨਾਲ ਅਤੇ ਕਹਾਣੀ ਨਾਲ ਬੱਚਿਆਂ ਨੂੰ ਦੁੱਗਣਾ ਅਤੇ ਅੱਧਾ ਕਰਨਾ ਸਿਖਾਇਆ ਜਾਵੇ।

# ਜਾਦੂਮਈ ਖੇਡ

**ਉਦੇਸ਼** : ਸੰਖਿਆ ਪਹਿਚਾਣ।

**ਸਮਗਰੀ** : ਚਾਰਟ, ਮਾਰਕਰ।

**ਵਿਧੀ** : 1. ਦਿੱਤੇ ਅਨੁਸਾਰ ਗਿਣਤੀ ਲਿਖੋ।

| | | | | | | | |
|---|---|---|---|---|---|---|---|
| 2 | 9 | 5 | 7 | | 7 | | 8 |
| 3 | 6 | | 8 | 4 | 9 | 5 | |
| | 8 | 7 | 9 | | | 9 | 7 |
| 7 | | 4 | 1 | 6 | 8 | 4 | 6 |
| | 9 | | 8 | | | | 8 |
| 5 | | 3 | 6 | | 9 | 5 | 6 |
| 9 | 8 | | | 9 | | 9 | |
| 4 | 7 | 5 | 8 | 3 | 7 | 6 | 2 |

2. ਬੱਚੇ ਨੂੰ 9 ਤੱਕ ਦੀ ਕੋਈ ਵੀ ਸੰਖਿਆ ਸੋਚਣ ਲਈ ਕਹੋ।
3. ਬੱਚੇ ਨੂੰ ਉਸ ਸੰਖਿਆ ਬਾਰੇ ਸਾਰੇ ਖਾਨਿਆਂ ਵਿੱਚ ਪੁੱਛੋ ਕਿ ਉਹ ਸੰਖਿਆ ਕਿਹੜੇ-ਕਿਹੜੇ ਖਾਨਿਆਂ ਵਿੱਚ ਹੈ।
4. ਉਸ ਤੋਂ ਬਾਅਦ ਇਕਦਮ ਜਵਾਬ ਦਿਓ।
5. ਬੱਚੇ ਲਈ ਇਹ ਜਾਦੂ ਹੈ।



**ਸੰਕੇਤ** ਜਿੰਨੇ ਖਾਨਿਆਂ ਵਿੱਚ ਸੰਖਿਆ ਆਏ। ਉੱਨੇ ਖਾਨਿਆਂ ਨੂੰ ਗਿਣਦੇ ਜਾਓ, ਉੱਨੇ ਖਾਨਿਆਂ ਦੀ ਗਿਣਤੀ ਉੱਤਰ ਹੋਵੇਗਾ।

# ਵਰਕਸ਼ੀਟ



**ਜੋੜ ਕਰੋ :**

| | | |
|---|---|---|
| 3 + 2 = | 5 + 0 = | 4 + 1 = |

**ਘਟਾਓ ਕਰੋ :**

| | | |
|---|---|---|
| 5 − 2 = | 5 − 0 = | 3 − 1 = |

**ਸਹੀ ਉੱਤਰ ਉੱਤੇ ਚੱਕਰ ਲਗਾਓ :**

| | | | | |
|---|---|---|---|---|
|  | + |  | = | 6<br>7<br>8 |
|  | - |  | = | 4<br>2<br>3 |

**ਖਾਲੀ ਥਾਵਾਂ ਭਰੋ :**

| | | |
|---|---|---|
| 1 + ☐ = 5 | ☐ + 2 = 3 | 1 + ☐ = 2 |
| 4 − ☐ = 3 | 3 − 1 = ☐ | 5 − ☐ = 4 |

**ਸਮਝੋ ਤੇ ਕਰੋ :**

5 + 1 =

6 - 1 =    6 - 5 =

6 + 2 =

8 - 2 =    8 - 6 =

## ਯਾਦ ਰੱਖਣ ਯੋਗ ਗੱਲਾਂ

- 1 ਅੰਕ ਦੀ ਛੋਟੀ ਤੋਂ ਛੋਟੀ ਸੰਖਿਆ = 1
- 1 ਅੰਕ ਦੀ ਵੱਡੀ ਤੋਂ ਵੱਡੀ ਸੰਖਿਆ = 9
- ਜੋੜ ਦਾ ਚਿੰਨ੍ਹ '+'
- ਘਟਾਓ ਦਾ ਚਿੰਨ੍ਹ '–'

## ਅਸੀਂ ਜੋ ਸਿੱਖਿਆ

**1 ਤੋਂ 9 ਤੱਕ ਗਿਣਤੀ**
(ਸਥੂਲ ਵਸਤੂਆਂ, ਉਂਗਲਾਂ ਨਾਲ)

↓

ਬੋਲਣਾ, ਗਿਣਨਾ, ਪੜ੍ਹਨਾ,
ਲਿਖਣਾ, ਪਹਿਚਾਣ ਕ੍ਰਮ ਅਨੁਸਾਰ,
ਸਿੱਧੀ/ਪੁੱਠੀ ਗਿਣਤੀ
(ਉਂਗਲਾਂ, ਸਲਾਇਡਿੰਗ ਕਾਰਡ, ਸਥੂਲ ਵਸਤੂਆਂ, ਮਾਨ ਕਾਰਡ ਦੀ ਵਰਤੋਂ ਨਾਲ)

↓

ਅੱਗੇ ਪਿੱਛੇ ਵਿਚਕਾਰ
(ਗਤੀਵਿਧੀਆਂ ਨਾਲ)

↓

ਤੁਲਨਾ
(ਸਥੂਲ ਵਸਤੂਆਂ ਨਾਲ)

↓

9 ਤੱਕ ਦਾ ਜੋੜ-ਤੋੜ

↓

1 ਅੰਕੀ ਜੋੜ-ਘਟਾਓ

↓

ਅੰਦਾਜ਼ਾ, ਮੌਖਿਕ ਰੂਪ, ਸ਼ਾਬਦਿਕ ਰੂਪ, ਸਵਾਲ ਸੰਖਿਆ ਪੱਟੀ ਦੀ ਵਰਤੋਂ ਨਾਲ


# 2 ਸੰਖਿਆਵਾਂ ਦੀ ਖੇਡ

## ਉਦੇਸ਼

- 10 ਤੋਂ 20 ਤੱਕ ਗਿਣਤੀ ਦੀ ਸਮਝ।
- ਸੰਖਿਆਵਾਂ ਦੇ ਅਨੁਕ੍ਰਮ ਦਾ ਨਿਰਮਾਣ। ਸੰਖਿਆਵਾਂ ਦੇ ਅੱਗੇ ਪਿੱਛੇ ਵਿਚਕਾਰ ਦੀ ਸਮਝ।
- 20 ਤੱਕ ਸੰਖਿਆਵਾਂ ਦੀ ਤੁਲਨਾ।
- ਇਹਨਾਂ ਸੰਖਿਆਵਾਂ ਦੀ ਸਹਾਇਤਾ ਨਾਲ ਵਸਤੂਆਂ ਨੂੰ ਗਿਣਨਾ।
- ਵਸਤੂਆਂ ਨੂੰ 10–10 ਦੇ ਗਰੁੱਪ ਵਿੱਚ ਇਕੱਠਾ ਕਰਨਾ ਅਤੇ ਉਸਨੂੰ ਸਮੂਹ ਮੰਨਣਾ।
- ਦਹਾਈਆਂ ਅਤੇ ਇਕਾਈਆਂ ਦੇ ਸਮੂਹ ਦੀ ਸ਼ਬਦਾਵਲੀ ਵਿਕਸਿਤ ਕਰਨਾ।
- ਚਿੱਤਰ ਰਾਹੀਂ ਦਹਾਈਆਂ ਅਤੇ ਇਕਾਈਆਂ ਦੇ ਸਮੂਹ ਨੂੰ ਦਰਸਾਉਣਾ।
- ਦਿੱਤੀ ਹੋਈ ਸੰਖਿਆ ਵਿੱਚ ਦਹਾਈਆਂ ਅਤੇ ਇਕਾਈਆਂ ਦੀ ਗਿਣਤੀ ਕਰਨਾ।
- 10 ਤੋਂ 20 ਤੱਕ ਸੰਖਿਆਵਾਂ ਨੂੰ ਸ਼ਬਦਾਂ ਵਿੱਚ ਲਿਖਣਾ।


### ਕੀ ਤੁਹਾਨੂੰ ਯਾਦ ਹੈ ?

**a. 1 ਤੋਂ 9 ਤੱਕ ਗਿਣਤੀ ਲਿਖੋ :**



**b.** ਗਿਣੋ ਅਤੇ ਲਿਖੋ :





**c.** ਛੋਟੇ ਅੰਕ 'ਤੇ ਚੱਕਰ ਲਗਾਓ :

| | |
|---|---|
| 4 | 7 |
| 1 | 2 |
| 3 | 5 |

**d.** ਵੱਡੇ ਅੰਕ 'ਤੇ ਚੱਕਰ ਲਗਾਓ :

| | |
|---|---|
| 8 | 7 |
| 3 | 5 |
| 9 | 4 |


**e.** ਬਿਲਕੁਲ ਪਹਿਲਾਂ, ਬਿਲਕੁਲ ਬਾਅਦ ਅਤੇ ਵਿਚਕਾਰਲੀ ਸੰਖਿਆ ਖਾਲੀ ਥਾਵਾਂ ਵਿੱਚ ਭਰੋ :

| | |
|---|---|
| ______ | 7 |
| ______ | 5 |
| ______ | 9 |

| | |
|---|---|
| 6 | ______ |
| 8 | ______ |
| 7 | ______ |

| | | |
|---|---|---|
| 4 | ______ | 6 |
| 3 | ______ | 5 |
| 1 | ______ | 2 |

**f.** ਖਾਲੀ ਥਾਵਾਂ ਭਰੋ :




**g.** ਸੰਖਿਆ ਪੱਟੀ ਦੀ ਮਦਦ ਨਾਲ ਹੱਲ ਕਰੋ :

| | | | | | | | | |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |


$3 + 2 =$ ☐ $5 - 2 =$ ☐

$5 + 0 =$ ☐ $9 - 6 =$ ☐

**h.** ਟੋਕਵੀਂ ਗਿਣਤੀ ਲਿਖੋ :

ਆਓ ਸਿੱਖੀਏ

## 10 ਤੋਂ 20 ਤੱਕ ਗਿਣਤੀ ਵੱਲ ਪਹਿਲਾ ਕਦਮ







ਚਲੋ, ਇਹ ਪਤਾ ਕਰਨ ਲਈ ਅਸੀਂ ਪੈਨਸਿਲਾਂ, ਕਰੰਸੀ ਨੋਟ, ਗਿਣਤਾਰਾ ਅਤੇ ਮਾਨ ਕਾਰਡ ਦੀ ਵਰਤੋਂ ਨਾਲ ਗਿਣਤੀ ਕਰਦੇ ਹਾਂ।


## ਆਓ ਸਿੱਖੀਏ

### 10 ਤੋਂ 20 ਤੱਕ ਸੰਖਿਆਵਾਂ ਨੂੰ ਅਨੁਕ੍ਰਮ ਵਿੱਚ ਵਸਤੂਆਂ ਦੀ ਸਹਾਇਤਾ ਨਾਲ ਗਿਣਨਾ :


| ਬਿੰਦੀਆਂ | ਵਸਤੂਆਂ | ਮਾਨ ਕਾਰਡ |
|---|---|---|
|  | | 10 |
| | | 10 1 |
| | | 10 2 |
| | | 10 3 |
| | | 10 4 |
| | | 10 5 |
| | | 10 6 |
| | | 10 7 |
| | | 10 8 |
| | | 10 9 |



**ਸੰਕੇਤ** ਬੱਚਿਆਂ ਨੂੰ 1 ਤੋਂ 9 ਤੱਕ ਸੰਖਿਆਵਾ ਦੀ ਸਮਝ ਬਨਾਉਣ ਤੋਂ ਬਾਅਦ 10 ਤੋਂ 20 ਤੱਕ ਦੀਆਂ ਸੰਖਿਆਵਾਂ ਨੂੰ ਵਸਤੂਆਂ ਨਾਲ, ਬਿੰਦੀਆਂ ਨਾਲ ਅਤੇ ਮਾਨ ਕਾਰਡ ਦੀ ਵਰਤੋਂ ਨਾਲ ਕਰਵਾਉਣਾ।




## ਛਾਲ ਮਾਰੋ ਅਤੇ ਕਾਰਡ ਲਿਆਓ




## ਕ੍ਰਮ ਅਨੁਸਾਰ ਖੜ੍ਹੋ







**ਸੰਕੇਤ**

- ਸਥੂਲ ਵਸਤੂਆਂ ਨਾਲ 20 ਤੱਕ ਗਿਣਤੀ ਬੋਲਣਾ ਅਤੇ ਮਾਨ ਕਾਰਡ ਨਾਲ ਪਹਿਚਾਣ ਤੋਂ ਬਾਅਦ ਜ਼ਮੀਨ 'ਤੇ 20 ਤੱਕ ਗਿਣਤੀ ਲਿੱਖ ਕੇ ਬੱਚਿਆਂ ਨੂੰ (20 ਤੱਕ) ਗਿਣਤੀ ਵਿਚੋਂ ਕੋਈ ਇੱਕ ਸੰਖਿਆ ਬੋਲ ਕੇ ਛਲਾਂਗ ਲਗਾਉਣ ਨੂੰ ਕਹਿਣਾ।
- ਬੱਚਿਆਂ ਨੂੰ ਗੋਲ ਅਕਾਰ ਵਿੱਚ ਖੜੇ ਕਰਕੇ ਵਿਚਕਾਰ ਮਾਨ ਕਾਰਡ ਰੱਖਣਾ 'ਤੇ ਮਾਨ ਕਾਰਡ ਨਾਲ ਦੱਸੀ ਸੰਖਿਆ ਬਨਾਉਣ ਲਈ ਕਹਿਣਾ।

## ਆਓ ਕਰੀਏ

**ਗਿਣੋ ਅਤੇ ਮਿਲਾਓ :**




## ਪ੍ਰਯੋਗੀ ਕਿਰਿਆ

**ਉਦੇਸ਼ :** ਵਸਤੂਆਂ ਨੂੰ ਦੱਸੀ ਗਿਣਤੀ ਅਨੁਸਾਰ ਗਿਣਨ ਦੀ ਸਮਝ।

**ਸਮੱਗਰੀ :** ਭਿੰਡੀ, ਰੰਗ

**ਵਿਧੀ :**
1. ਬੱਚਿਆਂ ਨੂੰ ਭਿੰਡੀ ਦੋ ਹਿੱਸਿਆਂ ਵਿੱਚ ਕੱਟ ਕੇ ਦੇਣਾ।
2. ਕੱਟੇ ਹੋਏ ਭਾਗ ਨੂੰ ਰੰਗ ਵਿੱਚ ਡੁਬੋ ਕੇ ਦਿੱਤੀ ਥਾਂ ਤੇ ਦਬਾਉ।
3. ਰੰਗੀ ਹੋਈ ਭਿੰਡੀ ਨਾਲ ਦਿੱਤੇ ਹੋਏ ਡੱਬਿਆਂ ਵਿੱਚ ਦਿੱਤੀ ਸੰਖਿਆ ਅਨੁਸਾਰ ਫੁੱਲ ਬਣਾਓ।




15


12


17





**10 ਤੋਂ 20 ਤੱਕ ਗਿਣਤੀ ਲਿਖੋ।**








**1 ਤੋਂ 20 ਤੱਕ ਗਿਣਤੀ ਲਿਖੋ।**




**ਸੰਕੇਤ** ਬੱਚਿਆਂ ਨੂੰ ਗਿਣਤੀ ਡੱਬਿਆਂ ਦੇ ਵਿੱਚ ਦਿਖਾਏ ਅਨੁਸਾਰ ਲਿਖਣ ਨੂੰ ਕਹਿਣਾ।


10 ਤੋਂ 20 ਤੱਕ ਸਿੱਧੀ ਗਿਣਤੀ ਅਤੇ ਪੁੱਠੀ ਗਿਣਤੀ ਲਿਖੋ :





1 ਤੋਂ 20 ਕ੍ਰਮ ਅਨੁਸਾਰ ਬਿੰਦੂ ਮਿਲਾਓ ਤੇ ਰੰਗ ਭਰੋ :




ਬਿਲਕੁਲ ਪਹਿਲਾਂ ਵਾਲੀ ਸੰਖਿਆ ਲਿਖੋ :




ਬਿਲਕੁਲ ਬਾਅਦ ਵਾਲੀ ਸੰਖਿਆ ਲਿਖੋ :





ਵਿਚਕਾਰਲੀ ਸੰਖਿਆ ਲਿਖੋ :



# ਤੁਲਨਾ

**ਵੱਧ ਵਸਤੂਆਂ 'ਤੇ (✓) ਦਾ ਚਿੰਨ੍ਹ ਅਤੇ ਘੱਟ ਵਸਤੂਆਂ 'ਤੇ (×) ਦਾ ਚਿੰਨ੍ਹ ਲਗਾਓ :**



# ਸੰਖਿਆ ਪੱਟੀ ਦੀ ਮਦਦ ਨਾਲ ਤੁਲਨਾ




ਸਿਫ਼ਰ ਦੇ ਨੇੜੇ ਵਾਲੀ ਸੰਖਿਆ ਛੋਟੀ ਹੁੰਦੀ ਹੈ।

ਸਿਫ਼ਰ ਤੋਂ ਦੂਰ ਵਾਲੀ ਸੰਖਿਆ ਵੱਡੀ ਹੁੰਦੀ ਹੈ।




| | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|
| 0 | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |


**ਛੋਟੀ ਸੰਖਿਆ ’ਤੇ ਚੱਕਰ ਲਗਾਓ :**





**ਸਭ ਤੋਂ ਛੋਟੀ ਸੰਖਿਆ ’ਤੇ ਚੱਕਰ ਲਗਾਓ :**





**ਵੱਡੀ ਸੰਖਿਆ ’ਤੇ ਚੱਕਰ ਲਗਾਓ :**




**ਸਭ ਤੋਂ ਵੱਡੀ ਸੰਖਿਆ ’ਤੇ ਚੱਕਰ ਲਗਾਓ :**



# ਛੋਟੀ ਤੋਂ ਵੱਡੀ ਸੰਖਿਆ ਵੱਲ







ਦੇਖੋ, ਹਰਪ੍ਰੀਤ 6 ਸਾਲ ਦਾ ਹੈ। ਉਹ ਸਭ ਤੋਂ ਛੋਟਾ ਹੈ, ਤਾਂ ਉਹ ਸਭ ਤੋਂ ਅੱਗੇ ਖੜਾ ਹੈ।


ਦੇਖੋ, ਅਸਲਮ 10 ਸਾਲ ਦਾ ਹੈ। ਉਹ ਸਭ ਤੋਂ ਵੱਡਾ ਹੈ, ਤਾਂ ਉਹ ਸਭ ਤੋਂ ਪਿੱਛੇ ਖੜਾ ਹੈ।

ਆਓ। ਹੁਣ ਤੁਸੀਂ ਇਸ ਤਰਾਂ ਦਿੱਤੀਆਂ ਸੰਖਿਆਵਾਂ ਨੂੰ ਛੋਟੀ ਤੋਂ ਵੱਡੀ ਸੰਖਿਆ ਵੱਲ ਲਿਖੋ





# ਵਰਕਸ਼ੀਟ

1. 11 ਤੋਂ 20 ਤੱਕ ਸਿੱਧੀ ਗਿਣਤੀ ਲਿਖੋ :




2. ਗਿਣੋ ਅਤੇ ਲਿਖੋ :





3. ਪਹਿਲਾਂ, ਬਾਅਦ ਅਤੇ ਵਿਚਕਾਰ ਵਾਲੀ ਸੰਖਿਆ ਲਿਖੋ :

| | | |
|---|---|---|
| ____ 10 | 11 ____ | 10 ____ 12 |
| ____ 12 | 15 ____ | 13 ____ 15 |
| ____ 18 | 19 ____ | 18 ____ 20 |


4. ਸਭ ਤੋਂ ਵੱਡੀ ਸੰਖਿਆ 'ਤੇ ਚੱਕਰ ਲਗਾਓ :

| | | | | | | | | |
|---|---|---|---|---|---|---|---|---|
| 11 | 12 | 15 | 18 | 14 | 17 | 10 | 13 | 16 |
| 13 | 10 | 8 | 11 | 9 | 8 | 14 | 17 | 9 |

5. ਸਭ ਤੋਂ ਛੋਟੀ ਸੰਖਿਆ 'ਤੇ ਚੱਕਰ ਲਗਾਓ :

| | | | | | | | | |
|---|---|---|---|---|---|---|---|---|
| 15 | 12 | 10 | 11 | 14 | 15 | 9 | 8 | 16 |
| 17 | 14 | 16 | 18 | 11 | 19 | 7 | 15 | 5 |

6. ਪੁੱਠੀ ਗਿਣਤੀ ਲਿਖੋ :




7. ਦਿੱਤੀ ਸੰਖਿਆ ਅਨੁਸਾਰ ਮਨਪਸੰਦ ਵਸਤੂਆਂ ਬਣਾਓ :

| | |
|---|---|
| 12 | |
| 16 | |

8. ਛੋਟੀ ਤੋਂ ਵੱਡੀ ਸੰਖਿਆ ਵੱਲ ਲਿਖੋ :

12 9 13 17 ⟶

18 6 15 9 ⟶

9. ਟੋਕਵੀਂ ਗਿਣਤੀ ਲਿਖੋ :

## ਗਤੀਵਿਧੀ

### ਉਂਗਲਾਂ ਨਾਲ 10 ਦਾ ਜੋੜ-ਤੋੜ।

ਮੇਰੇ ਦੋਵਾਂ ਹੱਥਾਂ ਦੀਆਂ ਕਿੰਨੀਆਂ ਉਂਗਲਾਂ ਨਜ਼ਰ ਆ ਰਹੀਆਂ ਹਨ?




ਹੁਣ ਮੇਰੇ ਦੋਵਾਂ ਹੱਥਾਂ ਦੀਆਂ ਕਿੰਨੀਆਂ ਉਂਗਲਾਂ ਖੜੀਆਂ ਅਤੇ ਕਿੰਨੀਆਂ ਮੁੜੀਆਂ ਹਨ।



6 ਖੜੀਆਂ

3 ਖੜੀਆਂ



### ਆਓ ਕਰੀਏ

**ਆਪਣੇ ਹੱਥ ਦੀਆਂ ਉਂਗਲਾਂ ਦਿੱਤੇ ਅਨੁਸਾਰ ਮੋੜ ਕੇ ਫਿਰ ਖੜੀਆਂ ਅਤੇ ਮੁੜੀਆਂ ਉਂਗਲਾਂ ਦੀ ਗਿਣਤੀ ਕਰਕੇ ਲਿਖੋ :**



ਖੜੀਆਂ ☐ ਮੁੜੀਆਂ ☐




ਖੜੀਆਂ ☐ ਮੁੜੀਆਂ ☐




ਖੜੀਆਂ ☐ ਮੁੜੀਆਂ ☐



ਖੜੀਆਂ ☐ ਮੁੜੀਆਂ ☐



ਖੜੀਆਂ ☐ ਮੁੜੀਆਂ ☐




ਖੜੀਆਂ ☐ ਮੁੜੀਆਂ ☐




**ਸੰਕੇਤ** ਇੱਕ ਹੱਥ ਦੀਆਂ ਉਂਗਲਾਂ ਵੱਖ-ਵੱਖ ਗਿਣਤੀ ਵਿੱਚ ਖੜ੍ਹੀਆਂ ਕਰਨਾ ਅਤੇ ਫਿਰ ਖੜ੍ਹੀਆਂ ਅਤੇ ਮੁੜੀਆਂ ਉਂਗਲਾਂ ਬਾਰੇ ਪੁੱਛਣਾ। ਇਸ ਤਰ੍ਹਾਂ ਅਭਿਆਸ ਕਈ ਵਾਰ ਕਰਵਾਉਣਾ ਤਾਂ ਫਿਰ ਸਲਾਈਡਿੰਗ ਕਾਰਡ ਨਾਲ। ਇਸ ਨਾਲ 10 ਤੱਕ ਅਤੇ 10 ਦਾ ਜੋੜ-ਤੋੜ ਕਰਵਾਉਣਾ।

## ਗਤੀਵਿਧੀ

### ਸਲਾਇਡਿੰਗ ਕਾਰਡ ਨਾਲ 10 ਦੀ ਸਮਝ




### ਆਓ ਕਰੀਏ




| ਕਾਰਡ ਦੇ ਹੇਠਾਂ | ਕਾਰਡ ਦੇ ਬਾਹਰ |
|---|---|
| | |
| | |
| | |
| | |

**ਸੰਕੇਤ** ਅਧਿਆਪਕ ਕਿਤਾਬ ਦੇ ਪਿਛਲੇ ਪੰਨਿਆਂ ਤੇ ਦਿੱਤੇ 10 ਬਿੰਦੀਆਂ ਵਾਲੇ ਸਲਾਇਡਰ ਕਾਰਡ ਨਾਲ ਵੱਖ-ਵੱਖ ਗਿਣਤੀ ਦੀਆਂ ਬਿੰਦੀਆਂ ਲੁਕਾਉਂਦੇ (ਛਿਪਾਉਂਦੇ) ਹੋਏ ਬਿੰਦੀਆਂ ਦੀ ਗਿਣਤੀ ਪੁੱਛਣਗੇ ਕੇ ਪੂਰੀ ਗਤੀਵਿਧੀ ਕਰਵਾਉਣਗੇ।

# ਪ੍ਰਯੋਗੀ ਕਿਰਿਆ


## ਸਥੂਲ ਵਸਤੂਆਂ ਨਾਲ 10 ਦਾ ਜੋੜ-ਤੋੜ




**ਸੰਕੇਤ** ਅਧਿਆਪਕ ਕੋਈ 10 ਸਥੂਲ ਵਸਤੂਆਂ ਲੈ ਕੇ ਦੋਹਾਂ ਹੱਥਾਂ 'ਚ ਵੰਡ ਕੇ ਅਤੇ ਬੱਚਿਆਂ ਨੂੰ ਵੀ 10 ਵਸਤੂਆਂ ਦੋਹਾਂ ਹੱਥਾਂ 'ਚ ਵੰਡਣ ਨੂੰ ਕਹਿਣਗੇ ਅਤੇ ਉਸਨੂੰ ਬਲੈਕ ਬੋਰਡ 'ਤੇ ਕਰਵਾਉਣਗੇ।


ਆਓ ਕਰੀਏ

## ਸੰਖਿਆਵਾਂ ਦਾ ਜੋੜ-ਤੋੜ :


12 10
12 9
12 12
15 10
15 8
15 7
18
18
18
20
20
20
9 3
8 2
7 1
8 2
9 4
4 8


## ਆਓ ਸਿੱਖੀਏ


## ਸੰਖਿਆ ਪੱਟੀ 'ਤੇ ਜੋੜ

### ਸੰਖਿਆ ਪੱਟੀ ਦੀ ਮਦਦ ਨਾਲ ਅੱਗੇ ਵੱਲ ਗਿਣਕੇ ਜੋੜ

| 0 | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |
|---|---|---|---|---|---|---|---|---|---|---|---|---|---|---|---|---|---|---|---|---|

ਰੋਹਿਤ ਕੋਲ 6 ਪੈਨਸਿਲਾਂ ਹਨ। ਉਸਨੂੰ ਪਿਤਾ ਜੀ ਨੇ 5 ਪੈਨਸਿਲਾਂ ਹੋਰ ਦਿੱਤੀਆਂ। ਹੁਣ ਉਸ ਕੋਲ ਕਿੰਨੀਆਂ ਪੈਨਸਿਲਾਂ ਹਨ ?









6 + 5 = 11

---

ਦੀਪਿਕਾ ਦੀਆਂ 8 ਕਿਤਾਬਾਂ ਮੇਜ਼ ਤੇ ਪਈਆਂ ਹਨ। 4 ਕਿਤਾਬਾਂ ਉਸਦੇ ਸਕੂਲ ਬੈਗ ਵਿੱਚ ਹਨ। ਦੀਪਿਕਾ ਕੋਲ ਕਿੰਨੀਆਂ ਕਿਤਾਬਾਂ ਹਨ?




8 + 4 = ☐

---



## ਆਓ ਕਰੀਏ

ਪਰਨੀਤ ਕੋਲ 9 ਟਾਫ਼ੀਆਂ ਅਤੇ ਤਰਲੀਨ ਕੋਲ 6 ਟਾਫ਼ੀਆਂ ਹਨ। ਦੋਵਾਂ ਕੋਲ ਮਿਲਾ ਕੇ ਕਿੰਨੀਆਂ ਟਾਫ਼ੀਆਂ ਹਨ ?

ਸੁਪਰੀਤ ਕੋਲ 7 ਪੈਨਸਿਲਾਂ ਸੀ। ਉਸਨੂੰ ਮੰਮੀ ਨੇ 5 ਪੈਨਸਿਲਾਂ ਹੋਰ ਦੇ ਦਿੱਤੀਆਂ। ਹੁਣ ਉਸ ਕੋਲ ਕਿੰਨੀਆਂ ਪੈਨਸਿਲਾਂ ਹਨ।

---


6 + 6 =

---

9 + 3 =

---

## ਰੋਜ਼ਾਨਾ ਜ਼ਿੰਦਗੀ ਵਿੱਚ :




_______________ ਦਾ ਮਕਾਨ ਨੰ. 12 ਹੈ, ਉਸ ਵਿੱਚ ਨੀਲਾ ਰੰਗ ਭਰੋ।

_______________ ਦਾ ਮਕਾਨ ਨੰ. 15 ਹੈ, ਉਸ ਵਿੱਚ ਲਾਲ ਰੰਗ ਭਰੋ।

_______________ ਦਾ ਮਕਾਨ ਨੰ. 17 ਹੈ, ਉਸ ਵਿੱਚ ਹਰਾ ਰੰਗ ਭਰੋ ।

## ਸੰਖਿਆ ਪੱਟੀ ਦੀ ਮਦਦ ਨਾਲ ਜੋੜ ਕਰੋ

| 0 | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |
|---|---|---|---|---|---|---|---|---|---|---|---|---|---|---|---|---|---|---|---|---|

9 + 8 =

| | | |
|---|---|---|
| | | 9 |
| + | | 8 |
| | 1 | 7 |

9 + 8 = 17

7 + 8 =

7 + 8 =

6 + 4 =

6 + 4 =

8 + 8 =

8 + 8 =

7 + 6 =

7 + 6 =

9 + 4 =

9 + 4 =

9 + 5 =

9 + 5 =

6 + 6 =

6 + 6 =


**ਆਓ ਸਿੱਖੀਏ**


# ਪਿੱਛੇ ਵੱਲ ਨੂੰ ਗਿਣਕੇ ਘਟਾਓ

## ਸੰਖਿਆ ਪੱਟੀ ਦੀ ਮਦਦ ਨਾਲ ਪੁੱਠੀ ਗਿਣਤੀ ਨਾਲ ਘਟਾਓ :

| 0 | 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|---|


ਵਿਸ਼ਾਲ ਕੋਲ 9 ਪੈਨਸਿਲਾਂ ਸੀ। ਉਸਨੇ 4 ਪੈਨਸਿਲਾਂ ਅਸਲਮ ਨੂੰ ਦੇ ਦਿੱਤੀਆਂ। ਉਸ ਕੋਲ ਕਿੰਨੀਆਂ ਪੈਨਸਿਲਾਂ ਹਨ?





9 – 4 = 5

ਮਨਵੀਤ ਕੋਲ 8 ਗੁਬਾਰੇ ਸਨ। ਉਸਨੇ 3 ਗੁਬਾਰੇ ਹਵਾ ਵਿੱਚ ਛੱਡ ਦਿੱਤੇ। ਹੁਣ ਉਸ ਕੋਲ ਕਿੰਨੇ ਗੁਬਾਰੇ ਹਨ?




8 – 3 = 5

**ਆਓ ਕਰੀਏ**

ਪ੍ਰਿਅੰਕਾ ਨੇ 7 ਫੁੱਲਾਂ ਵਿੱਚੋ 3 ਫੁੱਲ ਸ਼ਾਲਿਨੀ ਨੂੰ ਦੇ ਦਿੱਤੇ। ਪ੍ਰਿਅੰਕਾ ਕੋਲ ਕਿੰਨ੍ਹੇ ਫੁੱਲ ਬਚੇ?


ਸੁਪਰੀਤ ਕੋਲ 7 ਗੁਬਾਰੇ ਸੀ। ਉਸਨੇ 5 ਗੁਬਾਰੇ ਹਵਾ ਵਿੱਚ ਛੱਡ ਦਿੱਤੇ। ਹੁਣ ਉਸ ਕੋਲ ਕਿੰਨੇ ਗੁਬਾਰੇ ਬਚੇ ?

9 – 6 =

8 – 3 =

## ਰੋਜ਼ਾਨਾ ਜਿੰਦਗੀ ਵਿੱਚ :




________ ਦਾ ਮਕਾਨ ਨੰ. 5 ਹੈ, ਉਸ ਵਿੱਚ ਨੀਲਾ ਰੰਗ ਭਰੋ।

________ ਦਾ ਮਕਾਨ ਨੰ. 6 ਹੈ, ਉਸ ਵਿੱਚ ਲਾਲ ਰੰਗ ਭਰੋ।

________ ਦਾ ਮਕਾਨ ਨੰ. 7 ਹੈ, ਉਸ ਵਿੱਚ ਹਰਾ ਰੰਗ ਭਰੋ ।

## ਸੰਖਿਆ ਪੱਟੀ ਦੀ ਮਦਦ ਨਾਲ ਘਟਾਓ

| | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|
| 0 | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |

9 – 8 =

9
— 8

9 – 8 =

6 – 4 =

6
— 4

6 – 4 =

7 – 5 =

7
— 5

7 – 5 =

8 – 6 =

8
— 6

8 – 6 =

5 – 2 =

5
— 2

5 – 2 =

7 – 6 =

7
— 6

7 – 6 =

8 – 4 =

8
— 4

8 – 4 =

9 – 5 =

9
— 5

9 – 5 =

## ਸ਼ਾਬਦਿਕ ਸਵਾਲ

**ਸੰਖਿਆ ਪੱਟੀ ਦੀ ਮਦਦ ਨਾਲ ਹੱਲ ਕਰੋ :**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 |
|---|---|---|---|---|---|---|---|---|---|---|---|---|---|---|---|---|---|---|---|

ਇੱਕ ਮਾਲਾ ਵਿੱਚ 20 ਮੋਤੀ ਪਾਉਣੇ ਹਨ। ਉਸ ਮਾਲਾ ਵਿੱਚ 16 ਮੋਤੀ ਪਾ ਲਏ। ਉਸ ਮਾਲਾ ਵਿੱਚ ਹੋਰ ਕਿੰਨੇ ਮੋਤੀ ਪਾਈਏ ਤਾਂ 20 ਹੋ ਜਾਣ?

ਰੋਜ਼ੀ ਕੋਲ 9 ਪੈਨਸਿਲਾਂ ਸਨ। ਉਸਦੀਆਂ 3 ਪੈਨਸਿਲਾਂ ਗੁੰਮ ਹੋ ਗਈਆ। ਹੁਣ ਉਸ ਕੋਲ ਕਿੰਨੀਆਂ ਪੈਨਸਿਲਾਂ ਰਹਿ ਗਈਆਂ?






ਹਰਜੀਤ ਕੋਲ 9 ਟਾਫ਼ੀਆਂ ਸੀ। ਉਸਨੇ 4 ਟਾਫ਼ੀਆਂ ਅਸ਼ੋਕ ਨੂੰ ਦੇ ਦਿੱਤੀਆ। ਹੁਣ ਉਸ ਕੋਲ ਕਿੰਨੀਆਂ ਟਾਫ਼ੀਆਂ ਬਚੀਆਂ?

ਅਨਮੋਲ ਦੇ ਪਰਿਵਾਰ ਵਿੱਚ 5 ਮੈਂਬਰ ਹਨ। ਉਸਦੇ ਘਰ 2 ਮਹਿਮਾਨ ਹੋਰ ਆ ਗਏ। ਹੁਣ ਉਹਨਾਂ ਦੇ ਘਰ ਕਿੰਨੇ ਮੈਂਬਰ ਹੋ ਗਏ?

## ਆਓ ਸਿੱਖੀਏ

ਆਓ ! ਹੁਣ ਕਰੰਸੀ ਨੋਟਾਂ, ਗਿਣਤਾਰੇ ਅਤੇ ਮਾਨ ਕਾਰਡ ਨਾਲ 1 ਤੋਂ 9 ਤੱਕ ਗਿਣਤੀ ਕਰੀਏ



| | | |
|---|---|---|
|  |  | 1 |
|  |  | 3 |
|  |  | 6 |
|  |  | 8 |
|  |  | 9 |



ਨੌਂ ਨੋਟਾਂ ਵਿੱਚ 1 ਨੋਟ ਹੋਰ ਪਾਇਆ ਤਾਂ ਕਿੰਨ੍ਹੇ ਹੋਏ?



10




ਹੁਣ ਅਸੀਂ ਇੱਕ-ਇੱਕ ਦੇ 10 ਨੋਟਾਂ ਬਦਲੇ 10 ਦਾ ਨੋਟ ਚੁਕਾਂਗੇ ਅਤੇ ਇਕਾਈ-ਦਹਾਈ ਵਿੱਚ ਲਿਖਾਂਗੇ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਇੱਕ | ਦੋ | ਤਿੰਨ | ਚਾਰ | ਪੰਜ | ਛੇ | ਸੱਤ | ਅੱਠ | ਨੌਂ |


## ਆਓ ਸਿੱਖੀਏ



ਵਸਤੂਆਂ ਨੂੰ 10-10 ਦੇ ਗਰੁੱਪ ਵਿੱਚ ਇਕੱਠਾ ਕਰਨਾ




| ਦਹਾਈ | ਇਕਾਈ |
|---|---|
| 1 | 0 |




| ਦਹਾਈ | ਇਕਾਈ |
|---|---|
| 1 | 0 |


**10 ਇਕਾਈਆਂ = 1 ਦਹਾਈ**

### ਇਕਾਈਆਂ, ਦਹਾਈਆਂ ਦੇ ਸਮੂਹ ਬਨਾਉਣਾ




| ਦਹਾਈ | ਇਕਾਈ |
|---|---|
| 1 | 6 |

**10 ਅਤੇ 6 = 16**





| ਦਹਾਈ | ਇਕਾਈਆਂ |
|---|---|
| 1 | 2 |

**10 ਅਤੇ 2 = 12**



**ਸੰਕੇਤ** ਸਾਡੇ ਗਿਣਤਾਰੇ ਦੀ ਛੜ ਵਿੱਚ ਸਿਰਫ ਨੌਂ ਮੋਤੀ ਹੀ ਆਉਂਦੇ ਹਨ। ਇਸ ਲਈ 10 ਮੋਤੀਆਂ ਬਦਲੇ ਹੁਣ ਇੱਕ ਮੋਤੀ ਦਹਾਈ ਵਾਲੀ ਛੜ ਵਿੱਚ ਪਾਉਣ ਬਾਰੇ ਬੱਚਿਆਂ ਨੂੰ ਅਧਿਆਪਕ ਦੱਸਣਗੇ।

## ਆਓ ਸਿੱਖੀਏ






10
1
11



10
3
13



10
6
16



10
7
17



10
8
18



10
9
19

| 10 | 11 | 12 | 13 | 14 | 15 | 16 | 17 | 18 | 19 |
|---|---|---|---|---|---|---|---|---|---|
| ਦਸ | ਗਿਆਰਾਂ | ਬਾਰਾਂ | ਤੇਰਾਂ | ਚੌਦਾਂ | ਪੰਦਰਾਂ | ਸੋਲ਼ਾਂ | ਸਤਾਰਾਂ | ਅਠਾਰਾਂ | ਉੱਨੀ |

## ਆਓ ਸਿੱਖੀਏ


## 10 ਦੇ ਸਮੂਹ ਬਣਾਓ ਤੇ ਜੋੜ ਕਰੋ

5 + 8 =



10 + 3 = 13


6 + 8 =




10 + 4 = 14

## ਆਓ ਕਰੀਏ


8 + 8 = ☐




4 + 9 = ☐



6 + 9 = ☐



9 + 9 = ☐



**ਸੰਕੇਤ** ਉਪਰੋਕਤ ਪ੍ਰਸ਼ਨਾਂ ਨੂੰ ਦਹਾਈਆਂ ਵਿੱਚ ਬਦਲਦੇ ਹੋਏ ਜੋੜ ਦੇ ਸੰਕਲਪ ਨੂੰ ਸਮਝਾਉਣਾ।


## ਆਓ ਸਿੱਖੀਏ




ਜਿੰਨੇ ਖਾਵੇ ਅਮਨ
ਉੱਨੇ ਖਾਵੇ ਰਮਨ
ਦੱਸੋ ਕਿੰਨੇ ਲਿਆਏ ਦਮਨ

ਦਮਨ ਲਿਆਵੇ ਜੋ ਵੀ
ਹਿੱਸੇ ਕਰਦਾ ਦੋ
ਦੋਵਾਂ ਨੂੰ ਮਿਲਣ ਬਰਾਬਰ
ਖੁਸ਼ ਹੋ ਜਾਂਦੇ ਉਹ






## ਆਓ ਕਰੀਏ






**ਸੰਕੇਤ** ਸਥੂਲ ਵਸਤੂਆਂ ਨਾਲ ਅਤੇ ਕਹਾਣੀ ਨਾਲ ਬੱਚਿਆ ਨੂੰ ਦੁੱਗਣਾ ਅਤੇ ਅੱਧਾ ਕਰਨਾ ਸਿਖਾਇਆ ਜਾਵੇ।